Estd. 2000

September - 2021
Year - 05
Edition - 06
Total Page 12+4=16

Anual Subcription 500/-

Regd. Office :
1195, Ajit Nagar
Moga 142001 (Pb.)

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

## 'Mehak Watan Di Live' ● ਲਾਈਵ

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ * ਉਪ ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ

Title Regd No. PUNPUN 04016 * Helpline 9988-92-9988, Email:chief_editor@mehakwatandilive.com www.mehakwatandilive.com

facebook

www.facebook/mehakwatandilive

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ।


ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ

www.mehakwatandilive.com

## ਅੰਦਰ ਪੜ੍ਹੋ


- ਰੱਖੜੀ ਦੇ ਤਿਉਹਾਰ ਦਾ ਸਾਡੇ ਸਿੱਖ ਧਰਮ ਨਾਲ ਸਬੰਧ ਨਹੀਂ ਹੈ - ਬਾਬਾ ਬਲਦੇਵ ਸਿੰਘ ਮੰਡੀਰਾਂ
- ਮਧਾਣੀਆਂ, ਮਧਾਣੀਆਂ, ਮਧਾਣੀਆਂ
- ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕਰੇਗੀ ਰਵਲੀਨ ਕੌਰ
- ਫਲਾਂ ਦਾ ਰਾਜਾ ਅੰਬ ਸਵਾਦ ਅਤੇ ਭਰਪੂਰ ਪੋਸ਼ਣ ਦਿੰਦਾ ਹੈ
- ਹਾਰ ਵਿੱਚ ਹੀ ਜਿੱਤ ਛੁਪੀ ਹੁੰਦੀ ਹੈ
- ਖੇਡਾਂ ਆਪਸੀ ਪਿਆਰ ਮੇਲ ਮਿਲਾਪ ਖਿਲਾਰ ਸਕਦੀਆਂ ਨੇ


ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com







ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਕਲੇਰਾਂ ਵਾਲਿਆਂ ਦੀ ਸਲਾਨਾ ਬਰਸੀ ਦੇ ਸੰਬੰਧ ਵਿਚ
ਗੁਰੂ ਨਾਨਕ ਦਰਬਾਰ ਨਾਨਕਸਰ ਠਾਠ ਮੰਡੀਰਾਂ ਵਿਖੇ
ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਦੀ ਸਰਪ੍ਰਸਤੀ ਅਤੇ
ਭਾਈ ਹਰਪ੍ਰੀਤ ਸਿੰਘ ਜੀ ਦੇ ਯੋਗ ਪ੍ਰਬੰਧਾਂ ਹੇਠ
ਵਿਸ਼ਾਲ ਧਾਰਮਿਕ ਸਮਾਗਮ
20 ਸਤੰਬਰ 2021 ਦੀ ਰਾਤ ਅਤੇ 21 ਸਤੰਬਰ 2021 ਨੂੰ ਸਵੇਰੇ 10:00 ਵਜੇ ਤੋਂ ਸ਼ਾਮ 4.00 ਵਜੇ ਤੱਕ ਹੋਵੇਗਾ।





ਨੌਦੀਪ ਕੌਰ ਜੇਲ੍ਹ ਵਿਚ ਕਿਉਂ ਬੰਦ ਸੀ?



ਅਲੋਪ ਹੋ ਰਿਹਾ ਹੈ 'ਚੁਰਾਂ' ਤੇ ਰੋਟੀਆਂ ਬਣਾਉਣ ਦਾ ਰਿਵਾਜ਼

www.mehakwatandilive.com

Scanned with CamScanner



## ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ !

ਇਸ ਸਪਲੀਮੈਂਟ ਵਿਚ ਸਹਿਯੋਗ ਦੇਣ ਵਾਲੇ ਸੰਤਾਂ-ਮਹਾਂਪੁਰਸ਼ਾਂ ਦਾ ਹਾਰਦਿਕ ਧੰਨਵਾਦ।

ਵੱਲੋਂ - ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ') ਸੰਪਰਕ : 9988 92 9988





ਸੰਤ ਬਾਬਾ ਨੰਦ ਸਿੰਘ ਜੀ ਲੋਹਾਰਾ

ਵੀਹਵੀਂ ਸਦੀ ਦੇ ਉਘੇ ਸਮਾਜ ਸੇਵਕ ਅਤੇ ਮਹਾਨ ਸੰਤ

**ਸੰਤ ਬਾਬਾ ਨੰਦ ਸਿੰਘ ਜੀ**

ਲੋਹਾਰੇ ਵਾਲੇ

ਬਾਬਾ ਜੀ ਦਾ ਤਪ ਅਸਥਾਨ ਅਤੇ ਅੰਗੀਠਾ ਸਾਹਿਬ

**ਗੁ: ਅ-ਨੰਦ ਪ੍ਰਕਾਸ਼ ਲੋਹਾਰਾ**

ਦੇਸ਼ਾਂ-ਵਿਦੇਸ਼ਾਂ ਵਿਚ ਵਸਦੀਆਂ ਸਮੂੰਹ ਸਿੱਖ ਸੰਗਤਾਂ ਨੂੰ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ !

ਨੋਟ - ਹਰੇਕ ਐਤਵਾਰ ਨੂੰ ਹਰੇਕ ਬਿਮਾਰੀ ਦੀ ਫ੍ਰੀ ਦਵਾਈ ਦਿੱਤੀ ਜਾਂਦੀ ਹੈ।

ਵੱਲੋਂ ਮੁੱਖ ਸੇਵਾਦਾਰ ਬਾਬਾ ਜਸਵੀਰ ਸਿੰਘ ਜੀ ਲੋਹਾਰਾ





ਦੇਸ਼ਾਂ-ਵਿਦੇਸ਼ਾਂ ਵਿਚ ਵਸਦੀਆਂ ਸਮੂੰਹ ਸਿੱਖ ਸੰਗਤਾਂ ਨੂੰ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ !

ਮੁੱਖ ਸੇਵਾਦਾਰ

**ਬਾਬਾ ਫੌਜਾ ਸਿੰਘ ਜੀ**

**ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਭਾਨਾ (ਜਲੰਧਰ)**

ਮੋ. 84381-13000





ੴ ਸਤਿਗੁਰ ਪ੍ਰਸਾਦਿ ॥

"ਧੰਨ ਧੰਨ ਬਾਬਾ ਨਰਾਇਣ ਹਰੀ ਜੀ" "ਧੰਨ ਧੰਨ ਬਾਬਾ ਪਾਲਾ ਸਿੰਘ ਜੀ"



ਗੁਰਦੁਆਰਾ ਬਾਬਾ ਪਾਲਾ ਸਿੰਘ ਜੀ ਕੜਿਆਲ



**ਦੇਸ਼ਾਂ-ਵਿਦੇਸ਼ਾਂ ਵਿਚ ਵਸਦੀ ਸਮੂੰਹ ਸਾਧ ਸੰਗਤ ਜੀ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ !**

ਮੁੱਖ ਸੇਵਾਦਾਰ

ਸੰਤ ਬਾਬਾ ਪਵਨਦੀਪ ਸਿੰਘ ਜੀ

ਕੜਿਆਲ ਵਾਲੇ



ਦੇਸ਼ਾਂ-ਵਿਦੇਸ਼ਾਂ ਵਿਚ ਵਸਦੀਆਂ ਸਮੂੰਹ ਸਿੱਖ ਸੰਗਤਾਂ ਨੂੰ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ !

**ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ**

ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ

ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।

**ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ ਸਲਾਨਾ ਬਰਸੀ**

ਦੇ ਸਬੰਧ ਵਿਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਹਰ ਸਾਲ 17 ਮੱਘਰ 2021 ਨੂੰ ਸਵੇਰੇ 10.00 ਵਜੇ ਪੈਣਗੇ। ਉਪਰੰਤ ਧਾਰਮਿਕ ਦੀਵਾਨ ਸਜਣਗੇ। ਸੰਤ ਬਾਬਾ ਹਾਕਮ ਸਿੰਘ ਜੀ ਦੀ ਬਰਸੀ ਦੇ ਸੰਬੰਧ ਵਿਚ ਰੱਖੇ ਗਏ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਦੀਵਾਲੀ ਵਾਲੇ ਦਿਨ ਸਵੇਰੇ 10 ਵਜੇ ਪੈਂਦੇ ਹਨ।



ਦੇਸ਼ਾਂ-ਵਿਦੇਸ਼ਾਂ ਵਿਚ ਵਸਦੀਆਂ ਸਮੂੰਹ ਸਿੱਖ ਸੰਗਤਾਂ ਨੂੰ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ !

**ਵੱਲੋਂ : ਮੁੱਖ ਸੇਵਾਦਾਰ (ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ)**

**ਗੁ. ਸਾਹਿਬ ਦੁੱਖ ਭੰਜਨਸਰ ਸਾਹਿਬ, ਖੁਖਰਾਣਾ**

ਪਿੰਡ ਖੁਖਰਾਣਾ, ਤਹਿ. ਤੇ ਜ਼ਿਲ੍ਹਾ ਮੋਗਾ / ਮੋ. 98153-11318, 77107-11318

ਕਿਸਾਨ ਮਜ਼ਦੂਰ ਏਕਤਾ ਜਿੰਦਾਬਾਦ

ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣੇ ਵਾਲਿਆਂ ਦੀ ਅਗਵਾਈ ਹੇਠ ਕਿਸਾਨੀ ਮੋਰਚੇ ਵਿੱਚ ਨਿਭਾਈਆਂ ਜਾ ਰਹੀਆਂ ਸੇਵਾਵਾਂ ਲਗਾਤਾਰ ਜਾਰੀ ਹਨ।













**ਸੰਤ ਬਾਬਾ ਰੇਸ਼ਮ ਸਿੰਘ ਜੀ ਖ਼ਾਲਸਾ**

ਮੁੱਖ ਸੇਵਾਦਾਰ : ਗੁ. ਸਾਹਿਬ ਦੁੱਖ ਭੰਜਨਸਰ ਸਾਹਿਬ, ਖੁਖਰਾਣਾ

ਸੀਨੀ. ਮੀਤ ਪ੍ਰਧਾਨ ਗੁਰ ਸ਼ਬਦ ਪ੍ਰਚਾਰ ਸੰਤ ਸਮਾਜ

ਮੈਂਬਰ ਖ਼ਾਲਸਾ ਐਕਸ਼ਨ ਕਮੇਟੀ

ਮੋ. 98153-11318, 77107-11318

**ਜਾਰੀ ਕਰਤਾ : ਦੁੱਖ ਭੰਜਨ ਸੇਵਾ ਸੁਸਾਇਟੀ (ਰਜਿ:) ਖੁਖਰਾਣਾ**

Scanned with CamScanner

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

Monthly 'Mehak Watan Di Live' Moga ● ਲਾਈਵ

Title Regd. No. PunPun-04016 | Year 5 | Edition 06 | Issue Date 01-09-2021

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ
ਸੰਪਾਦਕ : ਕੁਲਵਿੰਦਰ ਸਿੰਘ ਤਾਰੇਵਾਲਾ
ਧਾਰਮਿਕ ਸੰਪਾਦਕ : ਸਾਧੂ ਸਿੰਘ ਧੰਮੂ
ਸਹਿ ਸੰਪਾਦਕ : ਮਨਮੋਹਨ ਸਿੰਘ ਚੀਮਾ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਕਾਨੂੰਨੀ ਸਲਾਹਕਾਰ : ਐਡਵੋਕੇਟ ਨਸੀਬ ਬਾਵਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ



ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

## ਸੋਸ਼ਲ ਮੀਡੀਆ ਦੀ ਫੋਕੀ ਸ਼ੋਹਰਤ ਵੇਖ ਕੇ ਆਪਣਾ ਚੁੱਘਾ-ਚੋੜ ਨਾ ਕਰਵਾਉ

ਸੋਸ਼ਲ ਮੀਡੀਆ ਜਿੱਥੇ ਕੁੱਝ ਪਹਿਲੂਆਂ ਤੇ ਵਰਦਾਨ ਸਾਬਿਤ ਹੋ ਰਿਹਾ ਹੈ ਉਥੇ ਹੀ ਇਹ ਸਾਨੂੰ ਕਈ ਜਗ੍ਹਾ ਤੇ ਗੁੰਮਰਾਹ ਵੀ ਕਰ ਰਿਹਾ ਹੈ। ਸਾਡੇ ਆਪਣੇ ਹੀ ਫਰੈਂਡ ਸਰਕਲ ਵਿਚੋਂ ਸਾਨੂੰ ਪੰਜਾਹ ਸੋ ਕੂਮੈਂਟ ਆ ਜਾਣ ਤਾਂ ਅਸੀਂ ਫੁਲ੍ਹੇ ਨਹੀਂ ਸਮਾਉਂਦੇ। ਕਈ ਵਾਰ ਅਸੀਂ ਸੋਸ਼ਲ ਮੀਡੀਆ ਤੇ ਆਪਣੀ ਫੋਕੀ ਸ਼ੋਹਰਤ ਵੇਖ ਕੇ ਹੀ ਆਪਣਾ ਚੁੱਘਾ-ਚੋੜ ਕਰਵਾ ਲੈਂਦੇ ਹਾਂ। ਮੇਰੇ ਇੱਕ ਦੋਸਤ ਨੂੰ ਥੋੜ੍ਹਾ-ਬਹੁੱਤ ਗਾਉਣ ਦਾ ਸੌਂਕ ਸੀ ਉਸ ਨੇ ਆਪਣੀਆਂ ਕੁੱਝ ਸਤਰਾ ਅਤੇ ਇੱਕ ਦੋ ਸਟੇਜਾਂ ਤੇ ਗਾਏ ਗੀਤ ਫੇਸਬੁੱਕ ਤੇ ਪਾ ਦਿੱਤੇ। ਉਸ ਨੂੰ ਆਪਣੇ ਹੀ ਸਰਕਲ ਵਿੱਚੋਂ ਫੋਕੀ ਵਾਹ-ਵਾਹ ਆਉਣ ਲੱਗ ਪਈ ਤੇ ਉਸ ਨੂੰ ਦੋ-ਤਿੰਨ ਸੋ ਬੰਦੇ ਦੇ ਘੈਂਟ, ਸਿਰਾ, ਗੁਡਵੈੱਲ, ਗੁੱਡਲੱਕ, Good Job, Nice, Great, Super ਆਦਿ ਦੇ ਕੁਮੈਂਟ ਆ ਗਏ। ਬੱਸ ਫਿਰ ਕੀ ਸੀ ਉਹ ਆਪਣੇ ਆਪ ਨੂੰ ਸਟਾਰ ਸਮਝਣ ਲੱਗ ਪਿਆ ਤੇ ਗੀਤ ਰਿਕਾਰਡ ਕਰਵਾ ਕੇ ਮਸ਼ਹੂਰ ਗਾਇਕ ਬਣਨ ਦੇ ਚੱਕਰਾਂ ਵਿੱਚ ਆਪਣਾ ਘਰ-ਬਾਰ ਵੀ ਗਵਾ ਬੈਠਾ।

ਇਥੇ ਇੱਕ ਹੋਰ ਸੱਚੀ ਘਟਨਾ ਮੈਂ ਤੁਹਾਡੇ ਸਨਮੁੱਖ ਰੱਖ ਰਿਹਾ ਹਾਂ। ਅੰਤਰ-ਰਾਸ਼ਟਰੀ ਭੰਗੜਾ ਕਲਾਕਾਰ ਮਨਿੰਦਰ ਮੋਗਾ ਮੇਰਾ ਖਾਸ ਦੋਸਤ ਹੈ। ਜਦੋਂ ਤੋਂ ਅਸੀਂ ਸੁਰਤ ਸੰਭਾਲੀ ਹੈ ਉਦੋਂ ਤੋਂ ਹੀ ਅਸੀਂ ਇਕੱਠੇ ਹਾਂ। ਹਰ ਪ੍ਰੋਗਰਾਮ, ਹਰ ਕੰਮ ਵਿੱਚ ਅਸੀਂ ਇੱਕ ਦੂਜੇ ਦੀ ਰਾਇ\ ਸਲਾਹ ਲੈਂਦੇ ਹਾਂ। ਇੱਕ ਦਿਨ ਮੈਂ ਮਨਿੰਦਰ ਨੂੰ ਪੁੱਛਿਆ ਕਿ ਯਾਰ ਮੇਰੇ ਚੈਨਲ ਦੀ ਪੀ.ਆਰ.ਪੀ. ਘੱਟ ਹੁੰਦੀ ਹੈ ਪਰ ਸ਼ੋਸਲ ਮੀਡੀਆ ਤੇ ਪ੍ਰੋਗਰਾਮ ਸਬੰਧੀ ਮੈਸੇਜ ਜ਼ਿਆਦਾ ਆ ਜਾਂਦੇ ਆ, ਇਸ ਦਾ ਕੀ ਕਾਰਨ ਹੋ ਸਕਦਾ ਹੈ? ਤਾਂ ਮਨਿੰਦਰ ਹੱਸ ਕੇ ਕਹਿਣ ਲੱਗਾ, "ਭਵਨਦੀਪ ਤੈਨੂੰ ਸਹੀ ਗੱਲ ਦੱਸਾਂ! ਸੋਸ਼ਲ ਮੀਡੀਆ ਅੱਜ ਕੱਲ੍ਹ ਝੂਠ ਦਾ ਪੁਲੰਦਾ ਹੈ। ਲੋਕ ਪ੍ਰੋਗਰਾਮ ਵੇਖਦੇ ਨਹੀਂ, ਵੈਸੇ ਹੀ ਕਮਿੰਟ ਕਰ ਦਿੰਦੇ ਹਨ।"

ਮਨਿੰਦਰ ਨੇ ਆਪਣੀ ਇੱਕ ਹੱਡ-ਬੀਤੀ ਦੱਸੀ ਕਿ ਮੈਂ ਇੱਕ ਵਾਰ ਇੱਕ ਫੇਕ ਲਿੰਕ [ਜਿਸ ਵਿੱਚ ਕੁੱਝ ਵੀ ਨਹੀਂ ਸੀ] ਪਾ ਕੇ ਵੇਖਿਆ ਹੈ ਲੋਕਾਂ ਨੇ ਉਸ ਤੇ ਵੀ ਗੁਡਜਾਬ ਦੇ ਮੈਸੇਜ ਰਿਪਲਾਏ ਕਰ ਦਿੱਤੇ। ਮਨਿੰਦਰ ਦੀ ਗੱਲ ਸੁਣ ਕੇ ਕੁੱਝ ਦਿਨਾਂ ਬਾਅਦ ਮੈਂ ਵੀ ਤਜੁਰਬਾ ਕਰ ਕੇ ਵੇਖਿਆ। ਮੈਂ ਰਾਤ ਨੂੰ ਇੱਕ ਖਾਸ ਵੀਡੀਓ ਆਪਣੇ ਚੈਨਲ ਤੇ ਪਾ ਦਿੱਤੀ। ਕੁੱਝ ਮਿੰਟਾਂ ਬਾਅਦ ਉਸ ਦਾ ਲਿੰਕ ਕਾਪੀ ਕਰਕੇ ਉਹ ਵੀਡੀਓ ਆਪਣੇ ਚੈਨਲ ਤੋਂ ਡੀਲੀਟ ਕਰ ਦਿੱਤੀ ਅਤੇ ਉਹ ਖਾਲੀ ਲਿੰਕ ਮੈਂ ਆਪਣੇ ਕੁੱਝ ਖਾਸ ਲਿੰਕ ਵਾਲੇ ਅਤੇ ਕੁੱਝ ਨਿੱਜੀ ਗਰੁੱਪਾਂ ਵਿੱਚ ਪਾ ਦਿੱਤਾ। ਅਗਲੀ ਸਵੇਰ ਉਠਿਆ ਤਾਂ ਫੋਨ ਵੇਖ ਕੇ ਮੈਨੂੰ ਬੜੀ ਹੈਰਾਨੀ ਹੋਈ। ਵਟਸਐਪ ਉੱਪਰ ਸਿਰਫ ਤਿੰਨ ਮੈਸੇਜ ਅਜਿਹੇ ਸੀ ਜਿਨ੍ਹਾਂ ਨੇ ਲਿਖਿਆ ਸੀ ਕਿ ਲਿੰਕ ਖੁਲ੍ਹ ਨਹੀਂ ਰਿਹਾ। ਬਾਕੀ ਤਕਰੀਬਨ 100 ਦੇ ਨੇੜ ਅਜਿਹੇ ਮੈਸੇਜ ਸਨ ਜਿਨ੍ਹਾਂ ਤੇ ਗੁਡਵੈਲ, ਗੁੱਡਲੱਕ ਦੇ ਸਿੰਬਲ ਅਤੇ Good Job, Nice, Great, Super ਆਦਿ ਦਾ ਰਿਪਲਾਏ ਆਇਆ ਹੋਇਆ ਸੀ। ਮੈਨੂੰ ਲੱਗਾ ਵਾਕਿਆ ਹੀ ਸੋਸ਼ਲ ਮੀਡੀਆ ਅੱਜ ਕੱਲ੍ਹ ਝੂਠ ਦਾ ਪੁਲੰਦਾ ਹੈ।

ਇਹ ਵੀ ਇੱਕ ਕੜਵਾ ਸੱਚ ਹੈ ਕਿ ਸਾਨੂੰ ਅੱਜ-ਕੱਲ੍ਹ ਆਪਣੇ ਭੈਣਾਂ, ਭਰਾਵਾਂ, ਰਿਸ਼ਤੇਦਾਰਾਂ ਤੇ ਸੱਜਣਾਂ ਮਿੱਤਰਾਂ ਦਾ ਜਨਮ ਦਿਨ ਅਤੇ ਵਿਆਹ-ਸ਼ਾਦੀ ਦੀ ਸਾਲਗ੍ਰਿਹਾ ਬਾਰੇ ਬਿਲਕੁੱਲ ਪਤਾ ਨਹੀਂ ਹੁੰਦਾ। ਬੱਸ! ਅਸੀਂ ਫੇਸਬੁੱਕ ਜਾਂ ਵਟਸਐਪ ਵਗੈਰਾ ਤੋਂ ਵੇਖ ਕੇ ਹੀ ਉਨ੍ਹਾਂ ਨੂੰ ਵਧਾਈ ਦਿੰਦੇ ਹਾਂ [ਵਿਸ ਕਰਦੇ ਹਾਂ]। ਇਹ ਵੀ ਭੇਡ-ਚਾਲ ਹੀ ਹੈ। ਇਹ ਮੁਬਾਰਕਾਂ ਜਾਂ ਸ਼ੁੱਭ-ਕਾਮਨਾਵਾਂ ਵੀ ਦਿਲੋਂ ਨਹੀਂ ਹੁੰਦੀਆਂ।

ਅੱਜ ਦੇ ਟਾਈਮ ਵਿੱਚ ਜੇਕਰ ਸੋਸ਼ਲ ਮੀਡੀਏ ਨੂੰ ਪਵਾੜੇ ਦੀ ਜੜ੍ਹ ਕਹਿ ਲਈਏ ਤਾਂ ਕੋਈ ਅਤਿ ਕਥਨੀ ਨਹੀਂ ਹੈ। ਜਿੰਨੇ ਕੁ ਫੇਸਬੁੱਕ ਤੇ ਸਹੀ ਅਕਾਉਂਟ ਹਨ ਉਨ੍ਹੇ ਹੀ ਨਕਲੀ ਅਕਾਉਂਟ ਬਣੇ ਹੋਏ ਹਨ। ਨਾਮ ਕਿਸੇ ਦਾ, ਫੋਟੋ ਕਿਸੇ ਦੀ, ਰਹਿੰਦੇ ਕਿਤੇ ਹੋਰ ਆ, ਦੱਸਦੇ ਕਿਤੇ ਹੋਰ ਆ। ਮੁੰਡੇ ਕੁੜੀਆਂ ਦੇ ਨਾਮ ਤੇ ਆਪਣੇ ਅਕਾਉਂਟ ਬਣਾਈ ਫਿਰਦੇ ਆ। ਕੁੜੀਆਂ ਕਿਹੜਾ ਕਿਸੇ ਦੀ "ਨੂੰਹ-ਧੀ" ਨਾਲੋਂ ਘੱਟ ਆ, ਉਹ ਵੀ ਆਪਣੀ ਪਹਿਚਾਨ ਲਕਾਉਣ ਲਈ ਫਲਾਨੀ ਜੱਟੀ, ਧਿਉਂਕੀ ਜੱਟੀ, ਇਥੋਂ ਦੀ ਰਕਾਨ, ਉਥੋਂ ਦੀ ਰਕਾਨ, ਫਲਾਨੀ ਪੰਜਾਬਣ, ਧਿਉਂਕੀ ਪੰਜਾਬਣ, ਜਾਂ ਆਪਣੇ ਨਾਮ ਨੂੰ, ਗੋਤ ਨੂੰ ਲੈ ਕੇ ਉਸ ਨਾਲ ਕੋਈ ਊਟ-ਪਟਾਗ ਸ਼ਬਦ ਆਦਿ ਅਨੇਕਾਂ ਨਾਮਾ ਨਾਲ ਆਪਣੇ ਅਕਾਉਟ ਬਣਾਈ ਫਿਰਦੀਆਂ ਹਨ।

ਜਿਨ੍ਹਾਂ ਨੇ ਸ਼ੋਸਲ ਮੀਡੀਆਂ ਦੀ ਸਹੀ ਵਰਤੋਂ ਕਰਨੀ ਹੁੰਦੀ ਹੈ ਉਸ ਨੂੰ ਆਪਣੀ ਪਹਿਚਾਨ ਲਕਾਉਣ ਦੀ ਕੀ ਲੋੜ ਹੈ ਉਹ ਆਪਣੇ ਸਹੀ ਨਾਮ, ਸਿੰਘ, ਕੌਰ, ਗੋਤ ਜਾਂ ਸਰਨੇਮ ਲਾ ਕੇ ਆਪਣਾ ਨਾਮ ਸਥਾਪਿਤ ਕਰਦੇ ਹਨ। ਦੂਜੇ ਦੇ ਨਾਮ ਜਾਂ ਕਿਸੇ ਹੋਰ ਦੀ ਫਰਮ, ਸੁਸਾਇਟੀ ਜਾਂ ਕਿਸੇ ਤਰ੍ਹਾਂ ਨਾਲ ਕਿਸੇ ਹੋਰ ਦਾ ਨਾਮ ਵਰਤ ਕੇ ਆਈ.ਡੀ. ਤਾਂ ਗਲਤ ਵਰਤੋਂ ਦੇ ਮਕਸਦ ਨਾਲ ਹੀ ਬਣਾਈ ਜਾਂਦੀ ਹੈ। ਇਸ ਨੂੰ ਫੇਕ ਆਈ ਡੀ ਕਿਹਾ ਜਾ ਸਕਦਾ ਹੈ।

ਫੇਕ ਆਡੀਆ ਤੋਂ ਗੰਦੇ-ਮੰਦੇ, ਘਟੀਆ ਤੋਂ ਘਟੀਆ ਕੁਮੈਂਟ ਫੇਸਬੁੱਕ ਵਗੈਰਾ ਤੇ ਆਮ ਹੀ ਦਿਸਦੇ ਹਨ ਜੋ ਸਾਡੇ ਸੱਭਿਅਕ ਸਮਾਜ ਤੇ ਵੀ ਇੱਕ ਧੱਬਾ ਹਨ। ਪਰ ਅਜਿਹੇ ਕੂਮੈਂਟ ਪਾਉਣ ਵਾਲਿਆਂ ਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਗਲਤ ਕੂਮੈਂਟ ਚਾਹੇ ਤੁਸੀਂ ਆਪਣੀ ਗੁਪਤ ਫੇਸਬੁੱਕ ਆਈ ਡੀ ਤੋਂ ਪਾਏ ਹਨ ਪਰ ਉਨ੍ਹਾਂ ਨੂੰ ਪੜ੍ਹ ਤਾਂ ਕੋਈ ਵੀ ਸਕਦਾ ਹੈ। ਤੁਹਾਡੀ ਭੈਣ, ਤੁਹਾਡੀ ਬੇਟੀ, ਜੇਕਰ ਕਿਸੇ ਦੀ ਭੈਣ ਜਾਂ ਬੇਟੀ ਨਹੀਂ ਹੈ ਤਾਂ ਮਾਂ ਤਾਂ ਹਰੇਕ ਦੀ ਹੁੰਦੀ ਹੀ ਹੈ। ਨਹੀਂ ਤਾਂ ਹੋਰ ਕਈ ਰਿਸ਼ਤੇ ਤਾਂ ਹੋਣਗੇ ਹੀ ਜਿੰਨ੍ਹਾਂ ਤੋਂ ਤੁਸੀਂ ਅਜਿਹੇ ਕੂਮੈਂਟ ਲਕੋ ਕੇ ਪਾਏ ਹੋਣਗੇ। ਪਰ ਮਿੱਤਰੋ ਇਹ ਲੁਕਣੇ ਨਹੀਂ, ਤੁਹਾਡੇ ਬੱਚੇ ਤਾਂ ਇਨ੍ਹਾਂ ਤੱਕ ਪਹੁੰਚ ਹੀ ਜਾਣਗੇ। ਕਾਹਦੇ ਲਈ ਵਿਗਿਆਨ ਦੀ ਇਸ ਟਕਨੋਲਜੀ ਨੂੰ ਕਲੰਕਿਤ ਕਰ ਰਹੇ ਹੋ, ਜਿਸ ਨੇ ਸਾਰੀ ਦੁਨੀਆਂ ਨੂੰ ਨੇੜੇ ਲਿਆਂਦਾ ਹੈ ਅਤੇ ਤੁਹਾਡੇ ਸਾਰੇ ਰਿਸ਼ਤਿਆਂ ਨੂੰ ਜੋੜ ਕੇ ਰੱਖਿਆ ਹੋਇਆ ਹੈ। ਲੋਕ ਫੇਸਬੁੱਕ ਨੂੰ ਵਰਦਾਨ ਸਮਝਣ ਲੱਗ ਪਏ ਸਨ ਪਰ ਅੱਜ ਦੇ ਘਟੀਆਂ ਲੋਕਾਂ ਦੀਆਂ ਕਰਤੂਤਾਂ ਕਾਰਨ ਫੇਸਬੁੱਕ ਨੂੰ ਪੁਆੜੇ ਦੀ ਜੜ੍ਹ ਸਮਝਿਆ ਜਾਣ ਲੱਗ ਪਿਆ ਹੈ।

ਅੱਜ ਕੱਲ੍ਹ ਸਵਾਰਥੀ ਤੇ ਠੱਗ ਲੋਕ ਫੇਸਬੁੱਕ ਰਾਹੀਂ ਲੋਕਾਂ ਨਾਲ ਠੱਗੀਆਂ ਮਾਰਨ ਲੱਗ ਪਏ ਹਨ। ਪਹਿਲਾਂ ਉਹ ਆਪਣੀਆਂ ਫੇਕ ਆਈ ਡੀ ਆਂ ਤੋਂ ਕਿਸੇ ਨੂੰ ਬਦਨਾਮ ਕਰਨ ਦਾ ਕੋਈ ਰਹੱਸ ਲੱਭ ਕੇ ਉਸ ਦੇ ਖਿਲਾਫ ਪੋਸਟਾਂ ਪਾਉਂਦੇ ਹਨ ਫਿਰ ਉਨ੍ਹਾਂ ਦਾ ਸੌਦੇ ਤਹਿ ਕਰਦੇ ਹਨ। ਕਾਰਨ ਇਸ ਦਾ ਇਹ ਹੈ ਕਿ ਸਾਡੇ ਬਹੁਤੇ ਭੈਣਾਂ-ਭਰਾਵਾਂ ਨੂੰ ਇਹ ਨਹੀਂ ਪਤਾ ਕਿ ਸੋਸ਼ਲ ਮੀਡੀਆ ਤੇ ਗਲਤ ਪੋਸਟਾਂ ਪਾਉਣ ਵਾਲਿਆਂ ਖਿਲਾਫ ਵੀ ਕਾਰਵਾਈ ਹੋ ਸਕਦੀ ਹੈ। ਪੁਲਿਸ ਡਿਪਾਟਮੈਂਟ ਵਿੱਚ ਸਾਈਬਰ ਕ੍ਰਾਈਮ ਸੈੱਲ ਹੁੰਦਾ ਹੈ ਜਿਥੋਂ ਤੁਸੀਂ ਹਰੇਕ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ ਕਿ ਕਿਹੜਾ ਕੂਮੈਂਟ, ਕਿਹੜੀ ਪੋਸਟ, ਕਿਸ ਨੇ, ਕਿਥੋਂ ਪਾਇਆ ਹੈ, ਕਿਹੜੀ ਆਈ ਡੀ ਤੋਂ ਪਇਆ ਹੈ। ਗਲਤ ਕੂਮੈਂਟ ਪਾਉਣ ਵਾਲਿਆਂ ਖਿਲਾਫ ਵੀ ਪਰਚਾ ਦਰਜ ਹੋ ਸਕਦਾ ਹੈ ਬੱਸ ਸਾਨੂੰ ਲੋੜ ਹੈ ਜਾਗਰੂਕਤਾ ਦੀ।

ਰੱਬ ਕਰੇ ਸਾਨੂੰ ਕਿਸੇ ਪੋਸਟ ਜਾਂ ਗਲਤ ਕੂਮੈਂਟਾਂ ਕਾਰਨ ਸਾਈਬਰ ਕ੍ਰਾਈਮ ਸੈੱਲ ਵਿੱਚ ਜਾਣ ਦੀ ਲੋੜ ਹੀ ਨਾ ਪਵੇ। ਪ੍ਰਮਾਤਮਾ ਸਾਡੇ ਸਾਰੇ ਭੈਣਾਂ-ਭਰਾਵਾਂ, ਯਾਰਾਂ, ਦੋਸਤਾਂ ਨੂੰ ਸੁਮੱਤ ਬਖਸ਼ੇ ਕਿ ਉਹ ਇਸ ਉਸਾਰੂ ਅਵਿਸ਼ਕਾਰ ਦਾ ਯੋਗ ਇਸਤੇਮਾਲ ਹੀ ਕਰਨ।

ਭਵਨਦੀਪ ਸਿੰਘ

## 'ਮਹਿਕ ਵਤਨ ਦੀ ਲਾਈਵ' ਮੈਗਜ਼ੀਨ ਵਿੱਚ ਕੁੱਝ ਤਬਦੀਲੀਆਂ

**'ਮਹਿਕ ਵਤਨ ਦੀ ਲਾਈਵ' ਮੈਗਜੀਨ ਦੇ ਸਰਪ੍ਰਸਤ ਮੈਂਬਰ ਚੁਣੇ ਜਾ ਰਹੇ ਹਨ**

ਪਿਆਰੇ ਪਾਠਕੋ!

ਅਸੀਂ ਪਿਛਲੇ 21 ਸਾਲਾ ਤੋਂ ਤੁਹਾਡੀ ਸੇਵਾ ਵਿੱਚ ਹਾਜ਼ਰ ਹਾਂ। ਆਪ ਜੀ ਵੱਲੋਂ ਸਾਨੂੰ ਭਰਪੂਰ ਹੁੰਗਾਰਾ ਮਿਲਦਾ ਆ ਰਿਹਾ ਹੈ। ਪਰ ਸਮੇਂ-ਸਮੇਂ ਅਨੁਸਾਰ ਸਾਨੂੰ ਆਪਣੇ ਮੈਗਜ਼ੀਨ 'ਮਹਿਕ ਵਤਨ ਦੀ ਲਾਈਵ' ਇਸ ਵਿੱਚ ਕੁੱਝ ਤਬਦੀਲੀਆਂ ਕਰਨੀਆਂ ਪੈਂਦੀਆਂ ਹਨ। ਕਦੇ ਇਸ ਦੇ ਰੇਟ ਵਿੱਚ, ਕਦੇ ਇਸ ਦੇ ਇਸ਼ਤਿਹਾਰਾਂ ਦੇ ਰੇਟ ਵਿੱਚ, ਕਦੇ ਸਫਿਆਂ ਵਿੱਚ ਅਤੇ ਕਦੇ ਇਸ ਦੇ ਸਾਇਜ਼ ਵਿੱਚ।

ਇਸ ਵਕਤ ਸਮੇਂ ਦੀ ਨਿਜਾਕਤ ਨੂੰ ਵੇਖਦੇ ਹੋਏ ਸਾਨੂੰ ਬਹੁਤ ਵੱਡੀ ਤਬਦੀਲੀ ਕਰਨੀ ਪੈ ਰਹੀਂ ਹੈ। ਅਸੀਂ ਜਲਦੀ ਹੀ 'ਮਹਿਕ ਵਤਨ ਦੀ ਲਾਈਵ' ਮੈਗਜ਼ੀਨ ਦਾ ਬੋਰਡ [ਟਰੱਸਟ] ਸਥਾਪਤ ਕਰ ਰਹੇ ਹਾਂ। ਇਸ ਪ੍ਰਬੰਧਕੀ ਬੋਰਡ [ਟਰੱਸਟ] ਦੀ ਸਥਾਪਨਾ ਤੋਂ ਬਾਅਦ ਮੈਗਜ਼ੀਨ ਨਿਰੰਤਰ ਮਾਸਿਕ ਚੱਲੇਗਾ। ਪਰ ਜਦ ਤੱਕ ਬੋਰਡ ਦੀ ਸਥਾਪਨਾ ਨਹੀਂ ਹੁੰਦੀ ਤਦ ਤੱਕ ਮੈਗਜ਼ੀਨ ਨੂੰ ਤ੍ਰੈ-ਮਾਸਿਕ ਕੀਤਾ ਜਾ ਰਿਹਾ ਹੈ।

ਅਸੀਂ ਮੈਗਜ਼ੀਨ 'ਮਹਿਕ ਵਤਨ ਦੀ ਲਾਈਵ' ਦੇ ਮੈਟਰ ਵਿੱਚ ਕੁੱਝ ਅਹਿਮ ਤਬਦੀਲੀਆਂ ਕਰ ਰਹੇ ਹਾਂ। ਮੈਗਜ਼ੀਨ ਦਾ ਮੈਟਰ ਪੂਰੀ ਤਰ੍ਹਾਂ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਹੋਵੇਗਾ, ਪੰਜਾਬੀ ਸਾਹਿਤ, ਸੱਤ ਸਮੁੰਦਰੋਂ ਪਾਰ ਵਾਪਰਦੀਆਂ ਅਹਿਮ ਘਟਨਾਵਾਂ ਅਤੇ ਧਾਰਮਿਕ ਮੈਟਰ ਨੂੰ ਅਹਿਮ ਸਥਾਨ ਦਿੱਤਾ ਜਾਵੇਗਾ। ਖਬਰਾਂ ਮੈਗਜ਼ੀਨ ਵਿੱਚੋਂ ਪੂਰੀ ਤਰ੍ਹਾਂ ਬੰਦ ਕਰ ਦਿੱਤੀਆਂ ਗਈਆਂ ਹਨ। ਖਬਰਾਂ ਸਿਰਫ 'ਮਹਿਕ ਵਤਨ ਦੀ ਲਾਈਵ' ਰੋਜ਼ਾਨਾ ਆਨਲਾਈਨ ਅਖ਼ਬਾਰ ਅਤੇ 'ਮਹਿਕ ਵਤਨ ਦੀ ਲਾਈਵ' ਵੈੱਬ ਟੀ.ਵੀ. ਤੇ ਹੀ ਪ੍ਰਸ਼ਾਰਨ ਕੀਤੀਆਂ ਜਾਇਆ ਕਰਨਗੀਆਂ। ਕਿਉਂਕਿ ਮੈਗਜ਼ੀਨ ਮਹੀਨੇ ਬਾਅਦ ਪ੍ਰਕਾਸ਼ਿਤ ਹੋਣਾ ਹੁੰਦਾ ਹੈ ਉਦੋਂ ਤੱਕ ਖਬਰ ਅਰਥਹੀਨ ਹੋ ਜਾਂਦੀ ਹੈ। ਬਹੁਤ ਹੀ ਅਹਿਮ ਤੇ ਖਾਸ ਘਟਨਾਵਾਂ ਅਤੇ ਪ੍ਰੋਗਰਾਮਾਂ ਦੀ ਵਿਸ਼ੇਸ਼ ਰਿਪੋਰਟ ਲਗਾਈ ਜਾਇਆ ਕਰੇਗੀ।

ਅਸੀਂ ਆਪਣੇ ਟਰੱਸਟ ਵਿੱਚ ਸਿਰਫ 20 ਤੋਂ 25 ਵਿਅਕਤੀ ਹੀ ਲੈਣੇ ਹਨ। ਇਸ ਵਕਤ ਅਸੀਂ ਆਪ ਸਭ ਨੂੰ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਨਾਲ ਜੁੜਨ ਦਾ ਖੁੱਲ੍ਹਾ ਸੱਦਾ ਦੇ ਰਹੇ ਹਾਂ। ਸਾਡੇ ਨਾਲ ਜੁੜ ਕੇ 'ਮਹਿਕ ਵਤਨ ਦੀ ਲਾਈਵ' ਰਾਹੀਂ ਆਪਣੇ ਮਿਸ਼ਨ ਨੂੰ, ਆਪਣੇ ਵਿਚਾਰਾਂ ਨੂੰ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਪਾਠਕਾਂ ਤੇ ਸਿੱਖ ਸੰਗਤਾਂ ਨਾਲ ਸਾਂਝਾ ਕਰੋ। ਪੱਤਰਕਾਰੀ ਦੇ ਖੇਤਰ ਵਿੱਚ ਕੰਮ ਕਰਨ ਦੇ ਚਾਹਵਾਨ ਸਾਡੇ ਨਾਲ ਜੁੜ ਕੇ ਆਪਣਾ ਨਾਮ ਸਥਾਪਤ ਕਰੋ ਅਤੇ 'ਮਹਿਕ ਵਤਨ ਦੀ ਲਾਈਵ' ਵਿੱਚ ਆਪਣੇ ਇਸ਼ਤਿਹਾਰ ਦੇ ਕੇ ਆਪਣੇ ਕਾਰੋਬਾਰ ਨੂੰ ਵਧਾਓ ਅਤੇ ਆਪਣੇ ਮਿਸ਼ਨ ਨੂੰ ਪੂਰਾ ਕਰੋ। ਸਭ ਦਾ ਹਾਰਦਿਕ ਸਵਾਗਤ ਹੈ ਜੀ।

ਭਵਨਦੀਪ ਸਿੰਘ ਪੁਰਬਾ
ਮੁੱਖ ਸੰਪਾਦਕ "ਮਹਿਕ ਵਤਨ ਦੀ ਲਾਈਵ"

**ਹੋਰ ਵਧੇਰੇ ਜਾਣਕਾਰੀ ਲਈ ਮੇਰੇ ਨੰਬਰ 9988-92-9988 ਤੇ ਸੰਪਰਕ ਕਰ ਸਕਦੇ ਹੋ।**

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਈਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

**ਵਿਸ਼ੇਸ ਨੋਟ**

'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।

Scanned with CamScanner




# ਸਮੁੱਚੀ ਮਾਨਵਤਾ ਦਾ ਮਾਰਗ ਦਰਸ਼ਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ

ਪੂਰੇ ਬ੍ਰਹਿਮੰਡ 'ਚ ਵਸ ਰਹੇ ਦਿੱਖ ਰੱਬ ਦੀ ਜਦੋਂ ਵੀ ਗੱਲ ਕੀਤੀ ਜਾਂਦੀ ਹੈ ਤਾਂ ਇਹ ਰੱਬ ਦੀ ਗੱਲ ਨੂੰ ਕਰਨ ਲਈ ਪਹਿਲ ਗ੍ਰੰਥਾਂ ਨੂੰ ਦਿੱਤੀ ਗਈ ਹੈ। ਕਿਉਂਕਿ ਦੁਨੀਆਂ ਦੀ ਵਸ ਰਹੀ ਅਬਾਦੀ ਵਿਚ ਜਿੰਨੇ ਵੀ ਲੋਕ ਰਹਿੰਦੇ ਹਨ। ਇਹਨਾਂ ਲੋਕਾਂ ਦਾ ਜਿੱਥੇ ਸੱਭਿਆਚਾਰ, ਰਹਿਣ-ਸਹਿਣ, ਖਾਣ-ਪੀਣ ਅਲੱਗ-ਅਲੱਗ ਹੈ ਤਾਂ ਇਸ ਤਰ੍ਹਾਂ ਇਨ੍ਹਾਂ ਲੋਕਾਂ ਦਾ ਧਾਰਮਿਕ ਖੇਤਰ ਵੀ ਅਲੱਗ-ਅਲੱਗ ਹੈ। ਹਰ ਇਕ ਧਰਮ ਦਾ ਜੋ ਪਹਿਲਾਂ ਤੇ ਹੋਂਦ ਦਾ ਮੂਲ ਪ੍ਰਮਾਣ ਹੈ ਉਹ ਹੈ। ਧਰਮ ਗ੍ਰੰਥ ਜਿਸ ਦੇ ਆਧਾਰ ਦੇ ਉੱਤੇ ਧਰਮ ਨੂੰ ਮੰਨਿਆ ਜਾਂਦਾ ਹੈ।

ਜੇਕਰ ਪੂਰੇ ਵਿਸ਼ਵ ਦੀ ਗੱਲ ਕਰੀਏ ਤਾਂ ਇਸ ਵਿਚ ਬਹੁਤ ਗਿਣਤੀ ਵਿਚ ਲੋਕਾਂ ਦੇ ਧਰਮ ਭਿੰਨਤਾ ਹੈ ਅਤੇ ਨਾਲ ਹੀ ਉਹਨਾਂ ਦੇ ਧਰਮ ਦੇ ਚਿੰਨ੍ਹ, ਰੀਤੀ-ਰਿਵਾਜ਼, ਲਿਬਾਸ ਆਦਿ ਵੀ ਵੱਖ-ਵੱਖ ਹਨ। ਜੇਕਰ ਭਾਰਤ ਦੀ ਗੱਲ ਕਰੀਏ ਤਾਂ ਇਥੇ ਵੀ ਬਹੁਤ ਸਾਰੇ ਧਰਮਾਂ ਦੇ ਲੋਕ ਵਸਦੇ ਹਨ। ਜਿਨ੍ਹਾਂ ਵਿਚ ਪਹਿਲ ਦੇ ਅਧਾਰ ਤੇ, ਹਿੰਦੂ, ਸਿੱਖ, ਮੁਸਲਿਮ, ਇਸਾਈ ਆਦਿ ਹਨ। ਇਥੇ ਇਨ੍ਹਾਂ ਧਰਮਾਂ ਦੇ ਆਪੋ ਆਪਣੇ ਧਾਰਮਿਕ ਗ੍ਰੰਥ ਹਨ।

ਪਰ ਜਦੋਂ ਗੱਲ ਸਿੱਖ ਮੱਤ ਦੀ ਹੁੰਦੀ ਹੈ ਤਾਂ ਇਕੋ-ਇਕ ਸਿੱਖ ਧਰਮ ਇਸ ਤਰ੍ਹਾਂ ਦਾ ਹੈ ਜੋ ਆਪਣੇ ਵਿਚਾਰਾਂ ਨਾਲ, ਆਪਣੀ ਦਿੱਖ ਨਾਲ, ਦੁਨੀਆਂ ਦੇ ਹਰ ਕੋਨੇ ਤੇ ਆਪਣੀ ਵਿਲੱਖਣ ਪਹਿਚਾਣ ਨੂੰ ਬਣਾਈ ਬੈਠਾ ਹੈ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਵਿਚਾਰਧਾਰਾ ਨੂੰ ਇਸ ਤਰ੍ਹਾਂ ਦਾ ਬਣਾਇਆ ਜੋ ਸਾਰੇ ਮਾਨਵਤਾ ਦੇ ਭਲੇ ਵਾਸਤੇ ਸੀ, ਨਾ ਕੇ ਕਿਸੇ ਇਕ ਪੱਖ ਦੀ ਅਤੇ ਜੋ ਸਿੱਖ ਧਰਮ ਦੇ ਪਹਿਲੇ ਤਿੰਨ ਸਿਧਾਂਤ ਦੁਨੀਆਂ ਨੂੰ ਦੱਸਦੇ ਉਹ ਸਨ : ਕਿਰਤ ਕਰਨੀ, ਵੰਡ ਛਕਣਾ ਅਤੇ ਨਾਮ ਜਪਣਾ, ਇਨ੍ਹਾਂ ਤਿੰਨਾਂ ਹੀ ਸਿਧਾਂਤਾਂ ਵਿਚ ਸਾਰੀ ਗੱਲ ਨੂੰ ਗੁਰੂ ਨਾਨਕ ਦੇਵ ਜੀ ਨੇ ਸਮਝਾਇਆ। ਪਰ ਇਸ ਸਿਧਾਂਤ ਨੂੰ, ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਅੱਗੇ ਲੈ ਕੇ ਜਾਣ ਦਾ ਜੋ ਕਾਰਜ ਸੀ ਉਹ ਬੜਾ ਕਠਿਨ ਤੇ ਬਹੁਤ ਹੀ ਸੂਖਮਤਾ ਵਾਲਾ ਸੀ। ਫਿਰ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ, ਗੁਰੂ ਸਾਹਿਬ ਦੇ ਸਿਧਾਂਤ ਨੂੰ ਅੱਗੇ ਤੋਰਨ ਵਾਸਤੇ ਗੁਰੂ ਗੱਦੀ ਦੀ ਰਸਮ ਸ਼ੁਰੂ ਹੋਈ ਜੋ ਸਾਡੇ ਅਜੋਕੇ ਸਮੇਂ ਦੇ ਸ਼ਬਦ ਗੁਰੂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਪੂਰਨ ਹੋਈ।

ਆਉ ਗੱਲ ਕਰਦੇ ਹਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ।

ਭਾਵੇਂ ਦੁਨੀਆਂ ਦੇ ਹਰ ਧਰਮ ਦਾ ਆਪਣਾ-ਆਪਣਾ ਧਾਰਮਿਕ ਗ੍ਰੰਥ ਹੈ ਅਤੇ ਉਹਨਾਂ ਦੀ ਵਿਸ਼ੇਸ਼ਤਾ, ਮਹਾਨਤਾ ਤੇ ਵਿਚਾਰ ਉਨ੍ਹਾਂ ਦੀ ਮੱਤ ਦੇ ਅੰਦਰ ਹੀ ਚੱਲਦੇ ਹਨ। ਕਿਉਂਕਿ ਜੇਕਰ ਰੱਬ ਦੀ ਗੱਲ ਕੀਤੀ ਹੈ ਤਾਂ ਉਹ ਵੀ ਧਰਮ ਦੇ ਘੇਰੇ ਦੇ ਅੰਦਰ ਹੀ ਰਹਿ ਕੇ ਕੀਤੀ ਹੈ। ਜੇਕਰ ਹਿੰਦੂ ਧਰਮ ਦੇ ਗ੍ਰੰਥਾਂ ਦੀ ਗੱਲ ਕਰੀਏ ਤਾਂ ਉਹਨਾਂ ਦੇ ਵੇਦਾਂ ਵਿਚ ਹਿੰਦੂ ਮੱਤ ਦੀ ਹੀ ਗੱਲ ਕੀਤੀ ਜਾਵੇਗੀ, ਜੇਕਰ ਬਾਈਬਲ ਦੀ ਗੱਲ ਕੀਤੀ ਜਾਵੇ ਤਾਂ ਉਸ ਵਿਚ ਇਸਾਈ ਮੱਤ ਦੀ ਗੱਲ ਹੋਵੇਗੀ। ਇਸ ਤਰ੍ਹਾਂ ਇਸਲਾਮਕ ਬੁੱਧੀ, ਜੈਨੀ, ਪਾਰਸੀ ਆਦਿ ਸਾਰੇ ਧਰਮਾਂ ਦੇ ਧਾਰਮਿਕ ਗ੍ਰੰਥਾਂ ਦਾ ਆਪਣੀ-ਆਪਣੀ ਮੱਤ ਦੇ ਅੰਦਰ ਦੀ ਗੱਲ ਹੀ ਕੀਤੀ ਗਈ ਹੈ। ਪਰ ਜਦੋਂ ਗੱਲ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਦੀ, ਵਿਸ਼ੇਸ਼ਤਾ ਦੀ ਹੁੰਦੀ ਹੈ ਤਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਨੀਆਂ ਦਾ ਸਭ ਤੋਂ ਸਰਵੋਤਮ ਧਾਰਮਿਕ ਗ੍ਰੰਥ ਹੈ। ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਸਾਰੀ ਸ੍ਰਿਸ਼ਟੀ ਦੀ ਸਾਰੀ ਕਾਇਨਾਤ ਦੀ, ਹਰ ਧਰਮ ਦੀ, ਹਰ ਮਜ੍ਹਬ ਦੀ ਗੱਲ ਕੀਤੀ ਗਈ ਹੈ ਅਤੇ ਇਸ ਸ਼ਬਦ ਗੁਰੂ ਗ੍ਰੰਥ ਸਾਹਿਬ ਅੰਦਰ ਮਾਨਵਤਾ ਦੇ ਲਈ ਹੀ ਉਪਦੇਸ਼ ਹੈ, ਸੰਦੇਸ਼ ਹੈ। ਜੋ ਪੂਰੀ ਸ੍ਰਿਸ਼ਟੀ ਨੂੰ ਸਾਡੇ ਸਾਹਮਣੇ ਪੇਸ਼ ਕਰਦਾ ਹੈ।




ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ 1601 ਤੋਂ ਸ਼ੁਰੂ ਕੀਤਾ ਅਤੇ 2 ਅਗਸਤ 1604 ਨੂੰ ਸੰਪੂਰਨ ਕੀਤਾ ਗਿਆ। ਇਸ ਕਾਰਜ ਨੂੰ ਸ਼ੁਰੂ ਕਰਨ ਵਾਲੇ ਸਿੱਖਾਂ ਦੇ ਪੰਜਵੇਂ ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਸਨ ਜਿਨ੍ਹਾਂ ਨੇ ਆਪਣੇ ਵੱਡ-ਵਡੇਰਿਆਂ ਦੀ ਪੂੰਜੀ ਨੂੰ ਸਾਂਭਣ ਲਈ ਉੱਦਮ ਕੀਤਾ ਅਤੇ ਸਿੱਖੀ ਦੇ ਪ੍ਰਚਾਰ ਲਈ ਸਭ ਤੋਂ ਵੱਡਾ ਕਾਰਜ ਨੇਪਰੇ ਚਾੜ੍ਹਿਆ।

ਜੇਕਰ ਗੱਲ ਕੀਤੀ ਜਾਵੇ ਕਿ ਗੁਰੂ ਅਰਜਨ ਦੇਵ ਜੀ ਨੂੰ ਕੀ ਜ਼ਰੂਰਤ ਪਈ ਕਿ ਇਸ ਤਰ੍ਹਾਂ ਦੇ ਗ੍ਰੰਥ ਨੂੰ ਰਚਿਆ ਜਾਵੇ ਤਾਂ ਪਿਛੋਕੜ ਤੇ ਝਾਤ ਮਾਰਈਏ ਤਾਂ ਇਤਿਹਾਸ ਵਿਚ ਇ ਦੇ ਕਈ ਕਾਰਨ ਸਾਹਮਣੇ ਨਜ਼ਰ ਆਉਣਗੇ। ਜਿਨ੍ਹਾਂ ਵਿਚ ਸਭ ਤੋਂ ਪਹਿਲਾਂ ਕਿ ਗੁਰੂ ਨਾਨਕ ਦੇਵ ਜੀ ਦੀ ਜੋ ਵਿਚਾਰਧਾਰਾ ਸੀ ਉਹ ਸੱਚ ਦੇ ਆਧਾਰ ਤੇ ਸੋਚ ਦੀ ਬੁਨਿਆਦ ਤੇ ਸੀ। ਜੋ ਸੱਚ ਤੋਂ ਸ਼ੁਰੂ ਹੋਈ ਤੇ ਅੱਜ ਤੱਕ ਸੱਚ ਤੇ ਹੀ ਖੜ੍ਹੀ ਹੈ। ਕਿਉਂਕਿ ਇਸ ਗੱਲ ਦਾ ਪ੍ਰਮਾਣ ਗੁਰਬਾਣੀ ਹੀ ਕਰਦੀ ਹੈ ਜਿਸ ਵਿਚ ਰਾਮਕਲੀ ਦੀ ਵਾਰ ਵਿਚ ਰਾਇ ਬਲਵੰਡ ਅਤੇ ਸੱਤੇ ਡੂਮ ਨੇ ਫੁਰਮਾਨ ਕੀਤਾ ਹੈ।

**ਨਾਨਕਿ ਰਾਜੁ ਚਲਾਇਆ ਸਚੁ ਕੋਟ ਸਤਾਣੀ ਨੀਵ ਦੈ॥**

ਫਿਰ ਇਸ ਸੱਚ ਨੂੰ ਅੱਗੇ ਗੁਰਤਾਗੱਦੀ ਰਾਹੀਂ ਤੋਰਿਆ ਗਿਆ ਤੇ ਪੰਜਵੇਂ ਗੁਰੂ ਸਾਹਿਬ ਤੱਕ ਇਹ ਸੱਚ ਆਇਆ। ਪਰ ਪਹਿਲਾਂ ਗੁਰੂ ਸਾਹਿਬਾਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਮੱਤ ਨੂੰ ਹੋਰ ਰੁਸ਼ਨਾਇਆ ਤੇ ਸਿੱਖੀ ਪ੍ਰਚਾਰ ਸਮੇਂ-ਸਮੇਂ ਤੇ ਸਾਰਥਿਕ ਉਪਰਾਲੇ ਕੀਤੇ। ਜੋ ਮਾਨਵਤਾ ਦੇ ਹੱਕ ਅਤੇ ਪੱਖ ਵਿਚ ਸਨ। ਇਸ ਹੱਕ ਤੇ ਸੱਚ ਦੀ ਅਵਾਜ਼ ਨੂੰ ਜ਼ੁਬਾਨ ਦੇ ਨਾਲ-ਨਾਲ ਇਕ ਕਾਗਜ਼ ਤੇ ਈ ਉਤਾਰਿਆ ਜਾਂਦਾ। ਜਿਸਨੂੰ ਬਾਣੀ ਕਿਹਾ ਜਾਂਦਾ ਸੀ। ਜੋ ਅਕਾਲ ਪੁਰਖ ਦੀ ਉਸਤਤ ਵਿਚ ਤੇ ਮਾਨਵਤਾ ਨੂੰ ਸੱਚੇ ਮਾਰਗ ਪਾਉਣ ਲਈ ਸੀ। ਤਾਂ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਇਹੀ ਪਹਿਲਕਦਮੀ ਕੀਤੀ ਕਿ ਇਸ ਬਾਣੀ ਨੂੰ ਇਕੱਤਰ ਕਰਕੇ ਇਕ ਥਾਂ ਕੀਤਾ ਜਾਵੇ। ਕਿਉਂਕਿ ਸਿੱਖ ਦਾ ਪ੍ਰਸਾਰ ਗੁਰੂ ਅਰਜਨ ਦੇਵ ਜੀ ਸਮੇਂ ਬਹੁਤ ਦੂਰ-ਦੂਰ ਹੋ ਗਿਆ ਸੀ ਤੇ ਹੁਣ ਇਸ ਸਿੱਖੀ ਧਰਮ ਦੀ ਹੋਂਦ ਦਾ ਪ੍ਰਮਾਣ ਨਹੀਂ ਸੀ ਤੇ ਇਸ ਸੋਚ ਨਾਲ ਗੁਰੂ ਅਰਜਨ ਦੇਵ ਜੀ ਨੇ ਇਕ ਧਾਰਮਿਕ ਗ੍ਰੰਥ ਜੋ ਆਪਣੇ ਧਰਮ ਦਾ ਹੋਵੇ ਰਚਨਾ ਜ਼ਰੂਰੀ ਸਮਝੀ। ਕਿਉਂਕਿ ਹਰ ਧਰਮ ਦੀ ਹੋਂਦ ਦਾ, ਉਸ ਦੇ ਮੂਲ ਦਾ ਪ੍ਰਤੱਖ ਸਬੂਤ, ਪ੍ਰਮਾਣ ਉਸ ਧਰਮ ਦਾ ਧਾਰਮਿਕ ਗ੍ਰੰਥ ਹੀ ਹੁੰਦਾ ਹੈ। ਦੂਸਰੇ ਪਾਸੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਜੋ ਗੁਰੂ ਸਾਹਿਬਾਨਾਂ ਕੋਲ ਅੱਗੇ ਦੀ ਅੱਗੇ ਆਈ ਸੀ। ਉਸ ਤਰ੍ਹਾਂ ਦੀ ਬਾਣੀ ਦੇ ਨਾਮ ਹੇਠ ਅਤੇ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਨਕਲੀ ਬਾਣੀ ਲਿਖੀ ਜਾਣ ਲੱਗੀ। ਤੀਸਰਾ, ਇਸਲਾਮਕ ਮੱਤ ਦੇ ਕਰੜੇ ਅਸੂਲਾਂ ਅਤੇ ਧੱਕੇ ਨਾਲ ਕੀਤੇ ਜ਼ੁਲਮਾਂ ਖਿਲਾਫ਼ ਆਵਾਜ਼ ਨੂੰ ਚੁੱਕਣਾ ਸੀ ਇਸ ਤਰ੍ਹਾਂ ਧਾਰਮਿਕ, ਰਾਜਨੀਤਕ, ਸਮਾਜਿਕ ਆਦਿ।

ਇਸ ਤਰ੍ਹਾਂ ਕਈ ਹੋਰ ਵੀ ਕਾਰਨ ਹਨ ਜਿਨ੍ਹਾਂ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਜ਼ਰੂਰਤ ਪਈ ਤਾਂ ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਇਸ ਕਾਰਜ ਨੂੰ ਆਪਣੇ ਹੱਥੀਂ ਲੈ ਕੇ ਸ਼ੁਰੂਆਤ ਕੀਤੀ। ਵੱਖੋ-ਵੱਖ ਥਾਵਾਂ ਤੋਂ ਬਾਣੀ ਇਕੱਤਰ ਕੀਤੀ ਅਤੇ ਨਾਲ ਹੀ ਚਾਰੇ ਪਾਸੇ ਇਹ ਸੁਨੇਹਾ ਭੇਜਿਆ ਗਿਆ ਕਿ ਹਰ ਕੋਈ ਆਪਣੀ ਰੱਬੀ ਉਸਤਤ ਵਿਚ ਲਿਖੀ ਰਚਨਾ ਲੈ ਕੇ ਆਵੇ। ਇਸ ਤਰ੍ਹਾਂ ਆਦਿ ਗੁਰੂ ਗ੍ਰੰਥ ਸਾਹਿਬ ਦੀ ਲਿਖਤ ਦਾ ਕੰਮ ਸੰਤੋਖਸਰ ਦੀ ਥਾਂ (ਅੰਮ੍ਰਿਤਸਰ) ਤੇ ਬੈਠ ਕੇ ਅਤੇ ਭਾਈ ਗੁਰਦਾਸ ਜੀ ਤੋਂ ਲਿਖਵਾ ਕੇ ਪੂਰਾ ਕੀਤਾ। ਇਸ ਸਮੇਂ ਬਹੁਤ ਸਾਰੇ ਭਗਤ ਆਪਣੀਆਂ ਰਚਨਾਵਾਂ ਲੈ ਕੇ ਗੁਰੂ ਸਾਹਿਬ ਕੋਲ ਪਹੁੰਚੇ। ਪਰ ਗੁਰੂ ਅਰਜਨ ਦੇਵ ਜੀ ਨੇ ਰਚਨਾ ਆਪ ਪੜ੍ਹ ਕੇ ਅਤੇ ਵਿਚਾਰ ਕੇ ਦੇਖੀ। ਜਿਸ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖਣਯੋਗ ਨਹੀਂ ਸੀ। ਉਸ ਨੂੰ ਨਹੀਂ ਲਿਖਿਆ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ ਚਾਰ ਗੁਰੂ ਸਾਹਿਬਾਨਾਂ ਦੀ ਬਾਣੀ ਅਤੇ ਆਪਣੀ ਬਾਣੀ, 15 ਭਗਤਾਂ ਦੀ ਬਾਣੀ, 11 ਭੱਟਾਂ ਦੀ ਬਾਣੀ, ਚਾਰ ਗੁਰਸਿੱਖਾਂ ਦੀ ਬਾਣੀ ਨੂੰ ਦਰਜ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਤਿਆਰ ਕੀਤੀ ਜਿਸ ਨੂੰ ਪਹਿਲਾਂ ਪੋਥੀ ਸਾਹਿਬ ਕਿਹਾ ਗਿਆ ਅਤੇ ਇਹ ਪਰਮੇਸ਼ਰ ਦੀ ਥਾਂ ਦਿੱਤੀ। ਜਿਸ ਦਾ ਪ੍ਰਮਾਣ ਗੁਰਬਾਣੀ ਵਿਚ ਹੈ, ਪੋਥੀ ਪਰਮੇਸਰ ਕਾ ਥਾਨਿ॥

ਇਸ ਪਹਿਲੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦਾ ਪਹਿਲਾ ਪ੍ਰਕਾਸ਼ 1 ਸਤੰਬਰ 1604 ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੂਰੇ ਅਦਬ ਸਤਿਕਾਰ ਸਾਹਿਤ ਕੀਤਾ ਅਤੇ ਇਸ ਸਾਰੀ ਬਾਣੀ ਨੂੰ ਪੜ੍ਹਨ ਦੀ ਡਿਊਟੀ ਅਤੇ ਪਹਿਲੇ ਗ੍ਰੰਥੀ ਸਿੰਘ ਦੀ ਸੇਵਾ ਬਾਬਾ ਬੁੱਢਾ ਜੀ ਨੇ ਨਿਭਾਈ। ਇਸ ਤਰ੍ਹਾਂ ਸਭ ਤੋਂ ਪਹਿਲੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਹੋਈ। ਫੇਰ ਸਮਾਂ ਪਾ ਕੇ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਹੁੰਦਾ ਗਿਆ ਤੇ ਸਮਾਂ ਗੁਰੂ ਗੁਰੂ ਗੋਬਿੰਦ ਸਿੰਘ ਜੀ ਆਇਆ। ਜਦੋਂ ਉਹ ਗੁਰਗੱਦੀ ਤੇ ਬੈਠੇ ਅਤੇ ਜ਼ੁਲਮ ਰੋਕਣ ਲਈ ਆਪਣੇ ਹੱਥ ਤਲਵਾਰ ਚੱਕੀ।

ਗੁਰੂ ਗੋਬਿੰਦ ਸਿੰਘ ਜੀ ਦੇ ਗੱਦੀ ਤੇ ਬੈਠਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋ ਗਈ ਅਤੇ ਉਨ੍ਹਾਂ ਦੀ ਰਚੀ ਹੋਈ ਬਾਣੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਜੀ ਤੋਂ ਲਿਖਵਾ ਕੇ ਦਰਜ ਕਰਵਾਇਆ ਅਤੇ ਸਾਬੋ ਕੀ ਤਲਵੰਡੀ ਵਿਖੇ ਬਾਬਾ ਦੀਪ ਸਿੰਘ ਜੀ ਨੇ ਸਮਾਂ ਪਾ ਕੇ ਹੋਰ ਸਰੂਪ ਲਿਖੇ। ਜਦੋਂ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਉਣ ਲੱਗੇ ਤਾਂ ਆਪਣੇ ਤੋਂ ਅੱਗੇ ਕੋਈ ਵੀ ਦੇਹਧਾਰੀ ਗੁਰੂ ਨਹੀਂ ਉਲੀਕਿਆ ਕਿਉਂਕਿ ਉਸ ਸਮੇਂ ਵੀ ਬਹੁਤ ਸਾਰੇ ਕਾਰਨ ਸਨ ਜਿਨ੍ਹਾਂ ਕਰਕੇ ਸਿੱਖੀ ਵਿਚ ਅਤੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਕਿਸੇ ਇਕ ਦੇ ਕਾਬਜ਼ ਨਹੀਂ ਹੋਣ ਦੇਣਾ ਸੀ ਤਾਂ ਗੁਰੂ ਸਾਹਿਬ ਨੇ 1708 ਈ. ਨੂੰ ਨਾਂਦੇੜ ਦੀ ਧਰਤੀ 'ਤੇ ਸ਼ਬਦ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾਗੱਦੀ ਦੇ ਦਿੱਤੀ।

ਅਜੋਕੇ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਗੱਲ ਕੀਤੀ ਜਾਵੇ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਅੰਗ ਹਨ ਤਾਂ ਰਾਗੁ ਵਿਚ ਗੁਰਬਾਣੀ ਦਰਜ ਹੈ। 6 ਗੁਰੂ ਸਾਹਿਬਾਨਾਂ ਦੀ ਬਾਣੀ, 15 ਭਗਤਾਂ ਦੀ, 11 ਭੱਟਾਂ ਦੀ ਅਤੇ 4 ਗੁਰਸਿੱਖਾਂ ਦੀ ਬਾਣੀ ਦਰਜ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਜੇਕਰ ਕਾਵਿ ਭਾਸ਼ਾ ਦੀ ਗੱਲ ਕਰੀਏ ਤਾਂ ਇਹ 13 ਭਾਸ਼ਾ ਵਿਚ ਦਰਜ ਹੈ। ਜਿਨ੍ਹਾਂ ਵਿਚ ਸੰਸਕ੍ਰਿਤ, ਕਿਧਰੇ ਗਾਥਾ ਫਾਰਸੀ, ਹਿੰਦੀ ਅਤੇ ਹੋਰ ਮਿਲੀ-ਜੁਲੀ ਸੰਤ ਭਾਸ਼ਾ ਹੈ ਇਸ ਤੋਂ ਇਲਾਵਾ ਹੋਰ ਕਈ ਭਾਸ਼ਾਵਾ ਹਨ। ਜਿਨ੍ਹਾਂ ਵਿਚ ਉਪਭਾਸ਼ਾਵਾਂ ਵੀ ਸ਼ਾਮਿਲ ਹਨ। ਪਰ ਸਭ ਤੋਂ ਜੋ ਮੂਲ ਭਾਸ਼ਾ ਹੈ ਉਹ ਹੈ ਗੁਰਮੁਖੀ।

ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਦੀ ਸਾਰੀ ਬਾਣੀ ਹੀ ਪੂਰੇ ਵਿਸ਼ਵ ਨੂੰ ਸੇਧ ਦਿੰਦੀ ਹੈ ਇਸ ਦੀ ਜੇਕਰ ਮਹਾਨਤਾ ਦੀ ਗੱਲ ਹੋਵੇ ਤਾਂ ਕਈ ਬੁੱਧੀਜੀਵਾਂ ਨੇ ਆਪਣੇ-ਆਪਣੇ ਵਿਚਾਰ ਦਿੱਤੇ ਹਨ।

ਜੇਕਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪੜ੍ਹ ਕੇ ਦੇਖੀਏ ਤਾਂ ਗੁਰਬਾਣੀ ਨਿੱਕੇ ਤੋਂ ਨਿੱਕੇ ਕਣ ਦੀ ਗੱਲ ਕਰੇਗੀ ਅਤੇ ਵੱਡੇ ਤੋਂ ਵੱਡੇ ਕਣ ਦੀ। ਭਾਵ ਕੇ ਗੁਰਬਾਣੀ ਸੂਖਮ ਤੇ ਤੇ ਅਸਥੂਲ ਦੀ ਗੱਲ ਕਰਦੀ ਹੈ।

ਗੁਰਬਾਣੀ ਮਨੁੱਖਾਂ ਦੇ ਜੀਵਨ ਤੇ ਹਰ ਇਕ ਤਰ੍ਹਾਂ ਝਾਤ ਪਾਉਂਦੀ ਹੈ। ਉਹ ਸ੍ਰਿਸ਼ਟੀ ਦੇ ਵਿਚੋਂ ਹੀ ਜੀਵ-ਜਨਤਾ ਦੀ ਉਦਾਹਰਨਾਂ ਦੇ ਕੇ, ਉਹਨਾਂ ਦੇ ਨਾਲ ਤੁਲਨਾਤਮਕ ਕਰਕੇ। ਇਸ ਤਰ੍ਹਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਨੁੱਖ ਦੀ ਜ਼ਿੰਦਗੀ 'ਚੋਂ, ਝੂਠ, ਲਾਲਚ, ਪਾਖੰਡ, ਵਹਿਮ-ਭਰਮ, ਦਗਾ ਫਰੇਬ, ਮਾੜੇ ਕੰਮਕਾਰ, ਰੀਤੀ-ਰਿਵਾਜ਼ ਆਦਿ ਦੇ ਬਾਰੇ ਸਮਝਾਉਂਦੇ ਹਨ ਅਤੇ ਇਹਨਾਂ ਵਿਸ਼ੇ ਵਿਕਾਰਾਂ ਤੋਂ ਦੂਰ ਹੋਣ ਲਈ ਕਹਿੰਦੇ ਹਨ ਅਤੇ ਇਨਸਾਨ ਅੰਦਰ ਇਨਸਾਨੀਅਤ ਨੂੰ ਪੈਦਾ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਪਿਆਰ, ਸਤਿਕਾਰ, ਭਲਾ ਅਤੇ ਸੱਚਾਈ ਦੇ ਮਾਰਗ ਤੇ ਚੱਲਣ ਦੀ ਹਰ ਵੇਲੇ ਗੱਲ ਕਰਦੇ ਹਨ। ਪੂਰੇ ਦਾ ਪੂਰਾ ਭਾਵ ਕਿ ਸਾਨੂੰ ਮਨੁੱਖਾਂ ਨੂੰ ਇਕ ਚੰਗੀ ਨਿਰੋਲ ਜੀਵਨ ਜਾਂਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਿਖਾਉਂਦੇ ਹਨ।

ਆਉ ਆਪਾਂ ਵੀ ਸਾਰੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਨੂੰ ਪੜਵੀਏ ਅਤੇ ਸਮਝੀਏ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰੇ ਵਿਸ਼ਵ ਲਈ ਸਰਬ ਸਾਂਝਾ ਉਪਦੇਸ਼ ਦਾ ਹੋਕਾ ਦੇਈਏ ਅਤੇ ਉਸ ਉਪਦੇਸ਼ ਦੀ ਮਹਾਨਤਾ ਅਤੇ ਵਿਸ਼ੇਸ਼ਤਾ ਨੂੰ ਆਪ ਵੀ ਸਮਝੀਏ।

**ਮਹਿੰਦਰ ਸਿੰਘ ਮਿਹਨਤੀ, 73550-18629**

# ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਧਰਮ ਪ੍ਰਚਾਰ ਦੇ ਨਾਲ-ਨਾਲ ਸਮਾਜ ਭਲਾਈ ਦੇ ਕੰਮਾਂ ਵਿੱਚ ਵੀ ਅਹਿਮ ਰੋਲ ਅਦਾ ਕਰ ਰਿਹਾ ਹੈ - ਸਿੰਘ ਸਾਹਿਬ

## ਬਾਬਾ ਗੁਰਦੀਪ ਸਿੰਘ ਜੀ ਚੰਦ ਪੁਰਾਣਾ ਵਾਲਿਆਂ ਵੱਲੋਂ ਬੱਚਿਆਂ ਨੂੰ ਗੁਰਬਾਣੀ ਦੀ ਸੰਥਿਆ ਦੇਣ ਲਈ ਜਲਦੀ ਹੀ ਵਿਦਿਆਲਿਆ ਖੋਲੀਆਂ ਜਾ ਰਿਹਾ ਹੈ



ਦੇਸ਼ ਵਿਦੇਸ਼ ਵਿਚ ਪ੍ਰਸਿੱਧੀ ਹਾਸਲ ਮਾਲਵੇ ਦਾ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ [ਤਪ ਅਸਥਾਨ ਸੱਚ ਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ] ਵਿਖੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਥੇ ਪਹੁੰਚਣ ਤੇ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਨੇ ਉਨ੍ਹਾਂ ਦਾ ਸਵਾਗਤ ਕਰਦਿਆਂ ਜੀ ਆਇਆ ਆਖਿਆ।

ਇਸ ਮੌਕੇ ਗੱਲਬਾਤ ਕਰਦਿਆ ਜਥੇਦਾਰ ਸਿੰਘ ਸਾਹਿਬ ਨੇ ਕਿਹਾ ਕਿ ਜਿੱਥੇ ਇਹ ਅਸਥਾਨ ਧਰਮ ਪ੍ਰਚਾਰ ਕਰ ਰਿਹਾ ਹੈ, ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਪ੍ਰਾਣੀਆਂ ਨੂੰ ਗੁਰੂ ਘਰਾਂ ਨਾਲ ਜੋੜ ਰਿਹਾ ਹੈ, ਸੁੰਦਰ ਅਜਾਇਬ ਘਰ ਰਾਹੀਂ ਨੌਜਵਾਨਾਂ ਨੂੰ ਇਤਿਹਾਸ ਤੋਂ ਜਾਣੂੰ ਕਰਵਾ ਰਿਹਾ ਹੈ ਉਥੇ ਵੱਡੇ ਪੱਧਰ 'ਤੇ ਸਮਾਜ ਭਲਾਈ ਦੇ ਕਾਰਜ ਕਰਕੇ ਹਜ਼ਾਰਾਂ ਲੋਕਾਂ ਤੋਂ ਅਸੀਸਾਂ ਪ੍ਰਾਪਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਪਿਛਲੇ 15 ਸਾਲਾਂ ਤੋਂ ਇਥੇ ਹੋ ਰਹੇ ਸਮਾਗਮਾਂ ਵਿਚ ਪਹੁੰਚਦੇ ਹਾਂ ਅਤੇ ਦਿਨੋਂ-ਦਿਨ ਤਰੱਕੀ ਵੱਲ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਗਤਾਂ ਦੀ ਇਸ ਅਸਥਾਨ ਨਾਲ ਬੇ ਅਥਾਹ ਸ਼ਰਧਾ ਹੈ ਅਤੇ ਸੱਚ ਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਮਿਠੜੇ ਅਤੇ ਠੰਢੇ ਸੁਭਾਅ ਦੇ ਮਾਲਕ ਸਨ, ਉਨ੍ਹਾਂ ਵਲੋਂ ਵਿੱਢੇ ਹੋਏ ਕਾਰਜ ਸੰਤ ਬਾਬਾ ਗੁਰਦੀਪ ਸਿੰਘ ਅੱਜ ਵੀ ਉਸੇ ਤਰ੍ਹਾਂ ਚਲਾ ਰਹੇ ਹਨ।

ਇਸ ਮੌਕੇ ਜਥੇਦਾਰ ਸਿੰਘ ਸਾਹਿਬ ਦਾ ਬਾਬਾ ਗੁਰਦੀਪ ਸਿੰਘ ਵਲੋਂ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਬਾਬਾ ਗੁਰਦੀਪ ਸਿੰਘ ਨੇ ਕਿਹਾ ਕਿ ਇਹ ਅਸਥਾਨ ਹਮੇਸ਼ਾ ਲੋੜਵੰਦਾਂ ਦਾ ਸਹਾਰਾ ਬਣਦਾ ਰਿਹਾ ਹੈ ਅਤੇ ਬਣਦਾ ਰਹੇਗਾ। ਬਾਬਾ ਗੁਰਦੀਪ ਸਿੰਘ ਜੀ ਨੇ ਕਿਹਾ ਕਿ ਬੱਚਿਆ ਨੂੰ ਗੁਰਬਾਣੀ ਦੀ ਸੰਥਿਆ ਦੇਣ ਲਈ ਜਲਦੀ ਹੀ ਇਸ ਅਸਥਾਨ ਤੇ ਵਿਦਿਆਲਿਆ ਖੋਲ੍ਹੀਆਂ ਜਾ ਰਿਹਾ ਹੈ।

-ਭਵਨਦੀਪ ਸਿੰਘ ਪੁਰਬਾ

# ਰੱਖੜੀ ਦੇ ਤਿਉਹਾਰ ਦਾ ਸਾਡੇ ਸਿੱਖ ਧਰਮ ਨਾਲ ਸਬੰਧ ਨਹੀਂ ਹੈ - ਬਾਬਾ ਬਲਦੇਵ ਸਿੰਘ ਮੰਡੀਰਾਂ



**ਮਹਿਕ ਵਤਨ ਦੀ ਲਾਈਵ ਬਿਓਰੋ**

ਗੁਰੂ ਨਾਨਕ ਦਰਬਾਰ ਨਾਨਕਸਰ ਠਾਠ ਮੰਡੀਰਾ ਵਿਖੇ ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਮੰਡੀਰਾਂ ਦੀ ਸਰਪ੍ਰਸਤੀ ਅਤੇ ਭਾਈ ਹਰਪ੍ਰੀਤ ਸਿੰਘ ਡੋਨੀ ਦੇ ਯੋਗ ਪ੍ਰਬੰਧਾਂ ਹੇਠ ਰੱਖੜ ਪੁੰਨਿਆਂ ਤੇ ਧਾਰਮਿਕ ਸਮਾਗਮ ਕਰਵਾਇਆ ਗਿਆ।

ਪ੍ਰਸ਼ਾਸਨ ਦੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸੀਮਤ ਸੰਗਤਾਂ ਦੀ ਮੌਜੂਦਗੀ ਵਿੱਚ ਆਈਆਂ ਸੰਗਤਾਂ ਨੂੰ ਪ੍ਰਵਚਨ ਕਰਦਿਆਂ ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਮੰਡੀਰਾਂ ਨੇ ਆਖਿਆ ਕਿ ਰੱਖੜੀ ਦੇ ਤਿਉਹਾਰ ਦਾ ਸਾਡੇ ਸਿੱਖ ਧਰਮ ਨਾਲ ਸਬੰਧ ਨਹੀਂ ਹੈ ਪਰ ਸਾਨੂੰ ਪੁੰਨਿਆ ਦੇ ਪਵਿੱਤਰ ਦਿਹਾੜੇ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨਾਲ ਵਿਸ਼ਵਾਸ ਦੀ ਡੋਰ ਪੱਕੀ ਕਰਨੀ ਚਾਹੀਦੀ ਹੈ। ਇਸ ਧਾਰਮਿਕ ਸਮਾਗਮ ਵਿੱਚ ਰਾਗੀ ਜੱਥਿਆ ਤੋਂ ਇਲਾਵਾ ਅੰਤਰ-ਰਾਸਟਰੀ ਢਾਢੀ ਸਾਧੂ ਸਿੰਘ ਧੰਮੂ, ਜਸਵਿੰਦਰ ਸਿੰਘ ਸਿੱਧੂ, ਰੋਸ਼ਨ ਸਿੰਘ ਬੱਧਣੀ ਕਲਾਂ, ਕੁਲਵਿੰਦਰ ਸਿੰਘ ਰਣੀਆਂ, ਛਿੰਦਰ ਸਿੰਘ ਤਾਰੇਵਾਲਾ ਆਦਿ ਜੱਥਿਆਂ ਨੇ ਗੁਰਮਤਿ ਵਿਚਾਰਾਂ ਕੀਤੀਆਂ।

ਇਸ ਮੌਕੇ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਚੀਫ ਐਡੀਟਰ ਸ. ਭਵਨਦੀਪ ਸਿੰਘ ਪੁਰਬਾ, ਰਾਜ ਸਿੰਘ ਝੰਡੇਆਣਾ, ਕੇਵਲ ਸਿੰਘ ਸਾਫੂਵਾਲਾ, ਹਰਦੀਪ ਸਿੰਘ ਸਾਫੂਵਾਲਾ, ਗ੍ਰੰਥੀ ਬਲਵੰਤ ਸਿੰਘ, ਗੁਰਦੀਪ ਸਿੰਘ ਭਲੂਰ, ਅਮਰਜੀਤ ਸਿੰਘ ਫਰੀਦਕੋਟ, ਗੁਰਨਾਮ ਸਿੰਘ ਮੋਹਣੀ ਮੰਡੀਰਾ, ਲਵਲੀ ਸ਼ਰਮਾਂ, ਲਖਵਿੰਦਰ ਸਿੰਘ ਲੱਖਾ, ਬੀਬੀ ਚਰਨਜੀਤ ਕੌਰ ਸਮਾਲਸਰ, ਰਾਮਪ੍ਰੀਤ ਕੌਰ ਆਦਿ ਮੁੱਖ ਤੌਰ ਤੇ ਹਾਜ਼ਰ ਹੋਏ।

Scanned with CamScanner

## ਬਾਬਾ ਨੰਦ ਸਿੰਘ ਜੀ ਮਹਾਰਾਜ ਨਾਨਕਸਰ ਕਲੇਰਾਂ ਵਾਲਿਆਂ ਦੀ ਸਲਾਨਾ ਬਰਸੀ ਤੇ ਵਿਸ਼ੇਸ਼


# ਗੁਰੂ ਨਾਨਕ ਦਰਬਾਰ [ਨਾਨਕਸਰ ਠਾਠ ਮੰਡੀਰਾਂ] ਬਾਰੇ ਸੰਖੇਪ ਜਾਣਕਾਰੀ



ਨਾਨਕਸਰ ਨਾਲ ਸਬੰਧਤ ਗੁਰੂ ਘਰਾਂ ਵਿੱਚੋਂ ਖਾਸ ਗੁਰੂ ਘਰ ਹੈ ਨਾਨਕਸਰ ਠਾਠ ਮੰਡੀਰਾਂ, ਜਿਸ ਦੀ ਸੇਵਾ ਸੰਭਾਲ ਕਰ ਰਹੇ ਹਨ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲੇ। ਨਾਨਕਸਰ ਸੰਪਰਦਾਇ ਦੇ ਮੁੱਖੀ ਬਾਬਾ ਨੰਦ ਸਿੰਘ ਜੀ ਮਹਾਰਾਜ ਨਾਨਕਸਰ ਕਲੇਰਾਂ ਵਾਲਿਆਂ ਤੋਂ ਵਰੋਸਾਏ ਬਾਬਾ ਈਸ਼ਰ ਸਿੰਘ ਜੀ ਅਤੇ ਉਨ੍ਹਾਂ ਤੋ ਅੱਗੇ ਸੰਤ ਬਾਬਾ ਘਾਲਾ ਸਿੰਘ ਜੀ ਨਾਨਕਸਰ ਕਲੇਰਾਂ ਨਾਲ ਅਥਾਹ ਪਿਆਰ ਰੱਖਣ ਵਾਲੇ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾ ਵਾਲੇ ਨਾਨਕਸਰ ਠਾਠ ਮੰਡੀਰਾਂ ਦੇ ਮੁੱਖ ਸੇਵਾਦਾਰ ਵਜੋ ਸੇਵਾ ਨਿਭਾ ਰਹੇ ਹਨ। ਸੰਤ ਬਾਬਾ ਘਾਲਾ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ ਅਕਸਰ ਇਸ ਅਸਥਾਨ ਤੇ ਹਾਜ਼ਰ ਹੋ ਕੇ ਸੰਗਤਾ ਨੂੰ ਨਿਹਾਲ ਕਰਦੇ ਹਨ।

ਨਾਨਕਸਰ ਸੰਪਰਦਾਇ ਦੇ ਮੁੱਖੀ ਬਾਬਾ ਨੰਦ ਸਿੰਘ ਜੀ ਮਹਾਰਾਜ ਨਾਨਕਸਰ ਕਲੇਰਾਂ ਵਾਲਿਆਂ ਦੀ ਸਲਾਨਾ ਬਰਸੀ ਗੁਰੂ ਨਾਨਕ ਦਰਬਾਰ [ਨਾਨਕਸਰ ਠਾਠ ਮੰਡੀਰਾਂ] ਵਿਖੇ ਹਰ ਸਾਲ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਈ ਜਾਦੀ ਹੈ। ਵੱਡੇ ਨਾਨਕਸਰ ਵਿਖੇ ਬਰਸੀ ਦੇ ਭੋਗਾਂ ਉਪਰੰਤ ਗੁਰੂ ਨਾਨਕ ਦਰਬਾਰ [ਨਾਨਕਸਰ ਠਾਠ ਮੰਡੀਰਾਂ] ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਸ਼ੁਰੂ ਕੀਤੀ ਜਾਦੀ ਹੈ ਜਿਸ ਦੇ ਭੋਗ 6 ਅੱਸੂ ਨੂੰ ਪਾਏ ਜਾਦੇ ਹਨ, 5 ਅੱਸੂ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਦਰਬਾਰ ਹੁੰਦਾ ਹੈ ਜਿਸ ਵਿੱਚ ਨਾਨਕਸਰ ਸੰਪਰਦਾਇ ਨਾਲ ਸਬੰਧਤ ਅਨੇਕਾਂ ਸੰਤ ਮਹਾਪੁਰਸ਼ ਹਾਜ਼ਰੀ ਭਰਦੇ ਹਨ।








ਗੁਰੂ ਨਾਨਕ ਦਰਬਾਰ [ਨਾਨਕਸਰ ਠਾਠ ਮੰਡੀਰਾਂ] ਦੇ ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਪਿੰਡ ਦੇ ਹੀ ਜੰਮ-ਪਲ਼ ਹਨ। ਇਨ੍ਹਾਂ ਦਾ ਜਨਮ 1965 ਨੂੰ ਮਾਤਾ ਮੁਖਤਿਆਰ ਕੌਰ ਦੀ ਸੁਭਾਗੀ ਕੁੱਖੋਂ ਪਿਤਾ ਸ. ਕੇਹਰ ਸਿੰਘ ਦੇ ਘਰ ਹੋਇਆ। ਬਾਬਾ ਜੀ ਦਾ ਸੁਭਾਓ ਬਚਪਨ ਤੋਂ ਹੀ ਭਗਤੀ ਭਾਵ ਵਾਲਾ ਸੀ। ਆਪ ਜੀ ਦਾ ਬਚਪਨ ਵਾਲਾ ਗਿਆਨ ਬੇਸ਼ਕ ਆਮ ਲੋਕਾਂ ਤੇ ਘਰਦਿਆਂ ਨੂੰ ਓਪਰਾ ਜਿਹਾ ਲੱਗਦਾ ਸੀ ਪਰ ਅੱਜ ਉਹ ਬਚਪਨ ਵਾਲਾ ਸੱਚ ਹਕੀਕਤ ਵਿੱਚ ਬਦਲਿਆ ਨਜ਼ਰ ਆਉਂਦਾ ਹੈ। ਆਪ ਬਚਪਨ ਵਿੱਚ ਜੋ ਗੱਲਾ ਦੱਸਦੇ ਸਨ ਉਹ ਪੂਰੀਆਂ ਹੁੰਦੀਆਂ ਸਨ। ਇਨ੍ਹਾਂ ਬਚਪਨ ਦੇ ਚਮਤਕਾਰਾਂ ਨੂੰ ਵੇਖ ਕੇ ਆਪ ਨੂੰ ਮਾਤਾ ਪਿਤਾ ਨੇ ਨਾਨਕਸਰ ਕਲੇਰਾਂ ਛੱਡ ਦਿੱਤਾ। ਇਥੇ ਰਹਿ ਕੇ ਆਪ ਨੇ ਪ੍ਰਮਾਰਥ ਗਿਆਨ ਪ੍ਰਾਪਤ ਕੀਤਾ ਅਤੇ ਸੰਤ ਮਹਾਂਪੁਰਖ ਸੰਤ ਬਾਬਾ ਘਾਲਾ ਸਿੰਘ ਜੀ ਤੋਂ ਵਿਦਿਆ ਪ੍ਰਾਪਤੀ ਕੀਤੀ। ਆਪ ਜੀ ਕੁੱਝ ਸਮਾਂ ਬੱਧਣੀ ਕਲਾਂ ਵਾਲੇ ਬਾਬਾ ਜੀ ਕੋਲ ਵੀ ਰਹੇ। ਨਾਨਕਸਰ ਠਾਠ ਮੰਡੀਰਾਂ ਦੇ ਅਸਥਾਨ ਦੀ ਸੇਵਾ ਤਕਰੀਬਨ 25 ਸਾਲ ਪਹਿਲਾਂ ਸ਼ੁਰੂ ਕੀਤੀ ਸੀ। ਅੱਜ ਵੀ ਇਸ ਅਸਥਾਨ ਦੀ ਕਾਰ ਸੇਵਾ ਚੱਲ ਰਹੀ ਹੈ। ਇਸ ਅਸਥਾਨ ਤੇ ਹਰ ਮਹੀਨੇ ਪੂਰਨਮਾਸ਼ੀ ਦਾ ਦਿਹਾੜਾ ਮਨਾਇਆ ਜਾਂਦਾ ਹੈ। ਸਾਲਾਨਾ ਸਮਾਗਮ ਵਿੱਚ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਕਲੇਰਾਂ ਵਾਲਿਆਂ ਦਾ ਬਰਸੀ ਸਮਾਗਮ ਬਹੁਤ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ ਜਿਸ ਵਿਚ ਦੇਸ਼-ਵਿਦੇਸ਼ਾਂ ਤੋਂ ਸੰਗਤਾਂ ਪਹੁੰਚ ਗਈਆਂ ਹਨ।

ਬਾਬਾ ਬਲਦੇਵ ਸਿੰਘ ਜੀ ਨਿਰੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਦੇ ਹਨ। ਬਾਬਾ ਜੀ ਇਹ ਉਪਦੇਸ਼ ਦਿੰਦੇ ਹਨ ਕਿ ਗਰੀਬ ਦੀ ਰੱਖਿਆ ਕਰੋ। ਮੜ੍ਹੀਆਂ ਮਸਾਣਾਂ ਨੂੰ ਪੂਜਣ ਵਾਲਾ ਵਿਅਕਤੀ ਮਨੁੱਖ ਨਰਕਾਂ ਦਾ ਭਾਗੀ ਬਣਦਾ ਹੈ ਅਤੇ ਸ਼ਾਂਤ, ਨਿਮਰਤਾ, ਮਿਠਾਸ ਤੇ ਨਾਮ ਜਪਣ ਨਾਲ ਆਤਮਾ ਦਾ ਪਰਮਾਤਮਾ ਨਾਲ ਮੇਲ ਹੁੰਦਾ ਹੈ। ਅੱਜ ਅਸਲ ਵਿਚ ਮੰਡੀਰਾਂ ਵਾਲਾ ਪਿੰਡ ਬਾਬਾ ਜੀ ਦੀਆਂ ਕਰਨੀਆਂ ਕਰਕੇ ਦੂਰ-ਦੂਰ ਤੱਕ ਪ੍ਰਸਿੱਧ ਹੋ ਗਿਆ ਹੈ।

ਗੁਰੂ ਨਾਨਕ ਦਰਬਾਰ [ਨਾਨਕਸਰ ਠਾਠ ਮੰਡੀਰਾਂ] ਵਿਖੇ ਹੋਣ ਵਾਲੇ ਸਾਰੇ ਸਮਾਗਮ ਸੇਵਾਦਾਰ ਭਾਈ ਹਰਪ੍ਰੀਤ ਸਿੰਘ ਡੋਨੀ ਜੀ ਦੀ ਯੋਗ ਪ੍ਰਬੰਧਾਂ ਹੇਠ ਮਨਾਏ ਜਾਦੇ ਹਨ। ਭਾਈ ਹਰਪ੍ਰੀਤ ਸਿੰਘ ਡੋਨੀ ਬਾਬਾ ਬਲਦੇਵ ਸਿੰਘ ਜੀ ਦੇ ਸਭ ਤੋਂ ਨੇੜਲੇ ਅਤੇ ਖਾਸ ਸੇਵਾਦਾਰ ਹਨ ਜੋ ਹਰ ਜ਼ਿੰਮੇਵਾਰੀ ਸੁਹਿਰਦਤਾ ਨਾਲ ਨਿਭਾਉਂਦੇ ਹਨ ਅਤੇ ਸਾਰੇ ਸਮਾਗਮਾਂ ਦਾ ਯੋਗ ਪ੍ਰਬੰਧ ਕਰਦੇ ਹਨ।



ਗੁਰਦੁਆਰਾ ਗੁਰੂ ਨਾਨਕ ਦਰਬਾਰ
ਨਾਨਕਸਰ ਠਾਠ ਮੰਡੀਰਾਂ ਨਵਾਂ (ਜ਼ਿਲ੍ਹਾ ਮੋਗਾ)
ਮੁਖ ਸੇਵਾਦਾਰ ਸ੍ਰੀ ਮਾਨ ਸੰਤ ਬਾਬਾ ਬਲਦੇਵ ਸਿੰਘ ਜੀ
ਮੁੱਖ ਪ੍ਰਬੰਧਕ : ਭਾਈ ਹਰਪ੍ਰੀਤ ਸਿੰਘ, ਮੋ. 99149-01113

Scanned with CamScanner




# ਅਲੋਪ ਹੋ ਰਿਹਾ ਹੈ 'ਚੁਰਾਂ' ਤੇ ਰੋਟੀਆਂ ਬਣਾਉਣ ਦਾ ਰਿਵਾਜ਼

ਜਸਵੀਰ ਸ਼ਰਮਾ ਦੱਦਾਹੂਰ [ਸ੍ਰੀ ਮੁਕਤਸਰ ਸਾਹਿਬ।] ਮੋ. 95691-49556

ਸਵਾਣੀਆਂ ਵਿਆਹਾਂ ਵਿੱਚ ਰੋਟੀਆਂ ਪਕਾਉਂਦੀਆਂ ਨਾ,
ਅਲੋਪ ਹੋਇਆ ਪਿੰਡਾਂ ਵਿੱਚੋਂ ਚੁਰਾਂ ਦਾ ਰਿਵਾਜ਼ ਜੀ।
ਪੈਲੇਸਾਂ 'ਚ ਕਰ ਲੈਂਦੇ ਉੱਕਾ ਪੁੱਕਾ ਖਾਣਾ ਵਿੱਚੇ,
ਆਪ ਹੋਂ ਸਿਆਣੇ ਬਹੁਤਾ ਖੋਲ੍ਹੀਏ ਕੀ ਪਾਜ ਜੀ।
ਬੀਮਾਰੀਆਂ 'ਚ ਗ੍ਰਸਿਤ ਹੋਇਆ ਸਾਰਾ ਹੀ ਪੰਜਾਬ ਹੁਣ,
ਰੱਬ ਵੀ ਤਾਂ ਕਿਸੇ ਨਾਲ ਕਰੇ ਨਾ ਲਿਹਾਜ ਜੀ।
ਸੌ ਵਿਚੋਂ ਨੱਬੇ ਬੰਦੇ ਬੁੜੀਆਂ ਬੀਮਾਰ ਰਹਿੰਦੇ ਨੇ ਪੰਜਾਬ ਵਿੱਚ,
ਘੇਰ ਲਿਆ ਦੁੱਖਾਂ ਨੇ ਤਾਂ ਸਾਰਾ ਹੀ ਸਮਾਜ ਜੀ।

ਓਹ ਸਮੇਂ ਬਹੁਤ ਪਿਛਾਂਹ ਰਹਿ ਗਏ ਹਨ, ਜਦੋਂ ਹਰ ਘਰ ਦੀ ਸਵਾਣੀ ਕਿਸੇ ਵਿਆਹ ਸ਼ਾਦੀ ਵਾਲੇ ਘਰ ਇਕੱਠੀਆਂ ਹੋ ਕੇ ਚੁਰ ਉੱਪਰ ਰੋਟੀਆਂ ਬਣਾਇਆ ਕਰਦੀਆਂ ਸਨ ਅਤੇ ਨਾਲੋ ਨਾਲ ਸ਼ਗਨਾਂ ਦੇ ਗੀਤ ਵੀ ਗਾਇਆ ਕਰਦੀਆਂ ਸਨ। ਬੇਸ਼ੱਕ ਕਿਸੇ ਗਮ ਦੇ ਮੌਕੇ ਤੇ ਵੀ ਇਉਂ ਹੀ ਪੁਰਾਤਨ ਸਮਿਆਂ ਵਿੱਚ ਰੋਟੀਆਂ ਬਣਾਈਆਂ ਜਾਂਦੀਆਂ ਰਹੀਆਂ ਹਨ। ਪਰ ਇਸ ਦਾ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਸੀ। ਵਿਆਹ ਵੇਲੇ ਦੋਹੇ ਸਿੱਠਣੀਆਂ ਅਤੇ ਸ਼ਗਨਾਂ ਦੇ ਗੀਤ ਗਾਉਣੇ ਹੱਸਣਾ ਖੇਡਣਾ ਅਤੇ ਖੁਸ਼ੀ ਜ਼ਾਹਿਰ ਕਰਨੀ। ਇਸੇ ਤਰ੍ਹਾਂ ਕਿਸੇ ਮਰਗ ਵਾਲੇ ਘਰ ਵੀ ਇਉਂ ਸਿਆਣੀਆਂ ਸਵਾਣੀਆਂ ਰੋਟੀਆਂ ਬਣਾਇਆ ਕਰਦੀਆਂ ਸਨ, ਪਰ ਮਹੌਲ ਗ਼ਮਗੀਨ ਹੁੰਦਾ ਸੀ।

ਇਸ ਤਰ੍ਹਾਂ ਕਰਨ ਨਾਲ ਪੈਲੇਸਾਂ ਦਾ ਪਰੀਹਾਂ [ਵੇਟਰਾਂ] ਦਾ ਖਰਚਾ ਵੀ ਘਟਦਾ ਸੀ ਤੇ ਭੋਜਨ ਸਵਾਦਲਾ ਤੇ ਬਹੁਤ ਜ਼ਿਆਦਾ ਮਸਾਲਿਆਂ ਵਾਲਾ ਵੀ ਨਹੀਂ ਸੀ ਹੁੰਦਾ ਭਾਵ ਬਿਲਕੁਲ ਜਿਵੇਂ ਘਰ ਵਿੱਚ ਚੁੱਲ੍ਹੇ ਤੇ ਬਣਾਏ ਖਾਣੇ ਵਾਂਗ ਹੀ ਜਾਪਦਾ ਸੀ। ਇਸੇ ਤਰ੍ਹਾਂ ਹਰ ਇੱਕ ਆਂਢੀ ਗੁਆਂਢੀ ਨੇ ਆਪੋ-ਆਪਣੇ ਹਿੱਸੇ ਦਾ ਕੰਮ ਬਿਨਾਂ ਕਿਸੇ ਝਿਜਕ ਤੇ ਸ਼ਰਮ ਤੋਂ ਕਰਨ ਦਾ ਰਿਵਾਜ਼ ਰਿਹਾ ਹੈ ਆਪਣੇ ਪੰਜਾਬ ਵਿੱਚ। ਘਰ-ਘਰ ਤੋਂ ਮੰਜੇ ਬਿਸਤਰੇ ਇਕੱਠੇ ਕਰਨੇ, ਦੁੱਧ ਇਕੱਠਾ ਕਰਨਾ, ਇਹ ਨੌਜਵਾਨ ਮੁੰਡੇ ਕਰਿਆ ਕਰਦੇ ਸਨ। ਮੇਲ ਨੂੰ ਜਾਂ ਆਈ ਹੋਈ ਬਰਾਤ ਨੂੰ ਰੋਟੀ ਚਾਹ ਪਾਣੀ ਦੀ ਸੇਵਾ ਨੌਜਵਾਨ ਮੁੰਡੇ ਰਲਮਿਲ ਕੇ ਕਰਦੇ ਰਹੇ ਹਨ। ਬਰਾਤੀਆਂ ਨੂੰ



ਬਿਸਤਰੇ ਵਿਛਾ ਕੇ ਦੇਣੇ, ਜੇਕਰ ਸਿਆਲ ਦਾ ਵਿਆਹ ਹੋਣਾ ਤਾਂ ਗਰਮ ਪਾਣੀ ਦਾ ਇੰਤਜ਼ਾਮ, ਤੇ ਜੇਕਰ ਗਰਮੀ ਦਾ ਵਿਆਹ ਹੋਣਾ ਤਾਂ ਠੰਡੇ ਨਹਾਉਣ ਵਾਲੇ ਪਾਣੀ ਦਾ ਇੰਤਜ਼ਾਮ ਰਲਮਿਲ ਕੇ ਨੌਜਵਾਨ ਆਂਢ ਗੁਆਂਢ ਦੇ ਦੋਸਤ ਮਿੱਤਰ ਹੀ ਕਰਿਆ ਕਰਦੇ ਸਨ। ਬਿਲਕੁਲ ਕੋਈ ਵੀ ਇਸ ਸੇਵਾ ਪ੍ਰਤੀ ਹੀਣ ਭਾਵਨਾ ਮਹਿਸੂਸ ਨਹੀਂ ਸੀ ਕਰਦਾ ਇੱਕ ਦੂਸਰੇ ਤੋਂ ਅੱਗੇ ਹੋ ਹੋ ਕੇ ਸਾਰਾ ਕੰਮ ਹੱਥੀਂ ਕਰਨ 'ਚ ਫ਼ਖ਼ਰ ਮਹਿਸੂਸ ਕਰਦੇ ਸਨ। ਜੇਕਰ ਦੋਸਤਾਂ ਵਿਚੋਂ ਕਿਸੇ ਇੱਕ ਜਾਂ ਦੋ ਦੋਸਤਾਂ ਨੇ ਬਹੁਤ ਵਧੀਆ ਸੇਵਾ ਕੀਤੀ ਹੁੰਦੀ ਤਾਂ ਓਨਾਂ ਨੌਜਵਾਨਾਂ ਤੇ ਇਸ ਚੰਗੇ ਕੰਮ ਲਈ ਸਾਰੇ ਪਿੰਡ ਦੇ ਪਤਵੰਤਿਆਂ ਦੀ ਨਜ਼ਰ ਹੁੰਦੀ ਸੀ। ਭਾਵੇਂ ਵੱਡੇ ਪਿੰਡ ਦੇ ਦੂਸਰੇ ਪਾਸੇ ਕਿਸੇ ਅਗਵਾੜ ਵਿੱਚ ਵਿਆਹ ਹੋਣਾ ਤਾਂ ਓਨਾਂ ਜ਼ਿਆਦਾ ਕੰਮ ਕਰਨ ਵਾਲਿਆਂ ਨੂੰ ਉਚੇਚੇ ਤੌਰ ਤੇ ਬੁਲਾਇਆ ਜਾਂਦਾ ਰਿਹਾ ਹੈ ਕਿ ਇਹ ਨੌਜਵਾਨ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਹਨ ਤੇ ਵੱਡਿਆਂ ਵੱਲੋਂ ਓਨਾਂ ਨੂੰ ਸ਼ਾਬਾਸ਼ ਦਿੱਤੀ ਜਾਂਦੀ ਰਹੀ ਹੈ। ਇਹੀ ਓਨਾਂ ਸਮਿਆਂ ਵਿੱਚ ਬਹੁਤ ਵੱਡਾ ਇਨਾਮ ਵੀ ਹੋਇਆ ਕਰਦਾ ਸੀ। ਨੌਜਵਾਨਾਂ ਨੇ ਨਾਲੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਨਾਲੇ ਬਜ਼ੁਰਗਾਂ ਦੇ ਪੈਰੀਂ ਹੱਥ ਲਾ ਕੇ ਆਸ਼ੀਰਵਾਦ ਲੈਣਾ। ਇਹ ਓਸ ਸਮੇਂ ਦੇ ਸਮਾਜ ਦਾ ਅਨਿੱਖੜਵਾਂ ਅੰਗ ਰਿਹਾ ਹੈ।



ਹੌਲੀ-ਹੌਲੀ ਅਸੀਂ ਤਰੱਕੀ ਦੀਆਂ ਬੁਲੰਦੀਆਂ ਨੂੰ ਛੋਹ ਲਿਆ ਹੈ ਤੇ ਨਾਲ ਦੇ ਨਾਲ ਹੀ ਹੱਥੀਂ ਕੰਮ-ਧੰਦਾ ਕਰਨ ਤੋਂ ਕੰਨੀਂ ਕਤਰਾਉਣ ਲੱਗ ਪਏ। ਇਸ ਕਾਰਜ ਵਿੱਚ ਸਾਡੀਆਂ ਬੀਬੀਆਂ ਵੀ ਪਿੱਛੇ ਨਹੀਂ ਰਹੀਆਂ। ਅਮੀਰੀ ਦੀ ਝਲਕ ਵਿੱਚ ਹੀ ਅਸੀਂ ਘਰੀਂ ਵਿਆਹ ਕਰਨੇ ਬਿਲਕੁਲ ਹੀ ਭੁੱਲ ਗਏ। ਪੈਲੇਸਾਂ ਵਿੱਚ ਵਿਆਹ ਸ਼ਾਦੀਆਂ ਤੇ ਮਰਗ ਦੇ ਭੋਗ ਪਾਉਣ ਲੱਗ ਪਏ ਹਾਂ। ਓਥੇ ਜਾ ਕੇ ਕੀ ਹੁੰਦਾ ਹੈ ਤੇ ਆਪਾਂ ਕੀ ਕਰਦੇ ਹਾਂ, ਇਹ ਗੱਲ ਕਿਸੇ ਤੋਂ ਵੀ ਗੁੱਝੀ ਨਹੀਂ ਹੈ। ਕੀ ਕਦੇ ਕਿਸੇ ਨੇ ਆਪ ਚੱਕ ਕੇ ਪਾਣੀ ਦਾ ਗਲਾਸ ਵੀ ਪੀਤਾ ਹੈ ਪੈਲੇਸ 'ਚ ਜਾਕੇ ? ਫਿਰ ਚੁਰਾਂ ਤੇ ਰੋਟੀਆਂ ਪਕਾਉਣੀਆਂ ਤਾਂ ਬਹੁਤ ਦੂਰ ਦੀ ਗੱਲ ਹੈ। ਇਹ ਅਜੋਕੇ ਮਾਹੌਲ ਵਿੱਚੋਂ ਸਾਡੀ ਅਮੀਰੀ ਅਤੇ ਸਾਡੇ ਵਿਚੋਂ ਸਾਡੀ ਮੈਂ ਦੀ ਬੋਅ ਆਉਂਦੀ ਹੈ। ਜੇਕਰ ਗਵਾਂਢੀ ਨੇ ਵਿਆਹ ਵਿੱਚ ਦਸ ਸਬਜ਼ੀਆਂ ਦਾਲਾਂ ਬਣਾਈਆਂ ਨੇ ਤਾਂ ਮੈਂ ਜੇਕਰ ਬਾਰਾਂ ਵੰਨਗੀਆਂ ਨਾ ਬਣਾਈਆਂ ਤਾਂ ਮੇਰਾ ਨੱਕ ਨਹੀਂ ਰਹਿਣਾ। ਇਸੇ ਤਰ੍ਹਾਂ ਅਜੋਕੇ ਗਮਗੀਨ ਮਾਹੌਲ ਭਾਵ ਮਰਗ ਦੇ ਭੋਗ ਤੇ ਵੀ ਪੰਜ-ਪੰਜ ਆਈਟਮਾਂ ਹੋਣੀਆਂ ਸੁਭਾਵਿਕ ਨੇ ਪਰ ਹੱਥੀਂ ਕੰਮ ਕਰਨ ਵੇਲੇ ਅਸੀ ਅੰਤਾਂ ਦੀ ਸ਼ਰਮ ਮਹਿਸੂਸ ਕਰਦੇ ਹਾਂ। ਇਸ ਲਈ ਬਹੁਤ ਹੀ ਸਤਿਕਾਰਤ ਦੋਸਤੋ ਕਦੇ ਕਦਾਈਂ ਓਹ ਪੁਰਾਤਨ ਪੰਜਾਬ ਦੇ ਓਹ ਸਮੇਂ ਜਦੋਂ ਪਿੰਡਾਂ ਵਿੱਚ ਘਰ ਭਾਵੇਂ ਕੱਚੇ ਸਨ ਪਰ ਉਨ੍ਹਾਂ ਵਿੱਚ ਰਹਿਣ ਵਾਲੇ ਦਿਲਾਂ ਦੇ ਬਹੁਤ ਸਾਫ ਤੇ ਸੱਚੇ ਸਨ ਯਾਦ ਆਉਣਾ ਸੁਭਾਵਿਕ ਹੈ। ਇਸੇ ਲਈ ਤੁਹਾਡੇ ਵਰਗੇ ਸੂਝਵਾਨ ਦੋਸਤਾਂ\ ਮਿੱਤਰਾਂ ਜਾਂ ਕਹਿ ਲਈਏ ਪਾਠਕਾਂ ਨਾਲ ਇਹ ਵਿਚਾਰ ਸਾਂਝੇ ਕਰ ਲਈਦੇ ਹਨ ਜੋ ਖੁਦ ਵੇਖੇ ਤੇ ਹੰਢਾਏ ਹਨ।

Opening Soon in Moga
MEWADILA Coffee's
Mewadila Coffee Corner
...ਕੌਫੀ ਦਾ ਕੜਕ ਸਵਾਦ

# ਮਧਾਣੀਆਂ, ਮਧਾਣੀਆਂ, ਮਧਾਣੀਆਂ ...



ਰਾਜਿੰਦਰ ਰਾਣੀ
ਪਿੰਡ ਗੰਢੂਆਂ ਜ਼ਿਲ੍ਹਾ ਸੰਗਰੂਰ

ਪਹਿਲੇ ਸਮਿਆਂ ਵਿੱਚ ਘਰਾਂ ਵਿੱਚ ਦੁੱਧ ਨੂੰ ਹੱਥਾਂ ਨਾਲ ਰਿੜਕ ਕੇ ਮੱਖਣ ਕੱਢਿਆ ਜਾਂਦਾ ਸੀ। ਹੁਣ ਵੀ ਪੰਜਾਬ ਵਿੱਚ ਬਦਲਵੇਂ ਰੂਪ ਵਿੱਚ ਦਹੀਂ ਰਿੜਕਿਆ ਜਾਂਦਾ ਹੈ ਤੇ ਉਸ ਵਿੱਚੋਂ ਮੱਖਣ ਕੱਢਿਆ ਜਾਂਦਾ ਹੈ। ਪਹਿਲੇ ਸਮਿਆਂ ਵਿੱਚ ਔਰਤਾਂ ਤੜਕਸਾਰ ਉੱਠਕੇ ਨੇਮ ਨਾਲ ਦੁੱਧ\ ਦਹੀਂ ਰਿੜਕਦੀਆਂ ਸਨ ਤੇ ਨਾਲ ਹੀ ਨਾਮ ਜਪਦੀਆਂ ਜਾਂਦੀਆਂ ਸਨ। ਦਹੀਂ ਰਿੜਕਣ ਦੀ ਪ੍ਰਕਿਰਿਆ ਲੱਸੀ ਵਿੱਚੋਂ ਮੱਖਣ ਕੱਢਣ ਨਾਲ ਸਿਰੇ ਚੜ੍ਹਦੀ ਸੀ ਤੇ ਫਿਰ ਔਰਤਾਂ ਲੱਸੀ ਵਗੈਰਾ ਨੂੰ ਸਾਂਭਣ ਦੇ ਆਹਰ ਵਿੱਚ ਜੁਟ ਜਾਂਦੀਆਂ ਸਨ। ਦਹੀਂ ਰਿੜਕਣ ਦਾ ਕੰਮ ਅਕਸਰ ਤੜਕਸਾਰ ਕਰ ਲਿਆ ਜਾਂਦਾ ਸੀ। ਉਹ ਵੀ ਸਮੇਂ ਸਨ ਜਦੋਂ ਸਵੇਰ ਸਾਰ ਚਾਟੀ ਵਿੱਚ ਮਧਾਣੀ ਪੈ ਜਾਂਦੀ ਸੀ ਅਤੇ ਮਧਾਣੀਆਂ ਦੇ ਘੁੰਮਣ ਦੀ ਘੂੰਅ ਘੂੰਅ ਦੀ ਆਵਾਜ਼ ਨਾਲ ਘਰ ਤੇ ਚੌਗਿਰਦਾ ਝੂਮ ਉੱਠਦਾ ਸੀ।

ਮਧਾਣੀ ਦਾ ਮੁੱਖ ਧੁਰਾ ਲੱਕੜ ਦਾ ਬਣਿਆ ਹੁੰਦਾ ਸੀ ਜੋ ਲਗਪਗ ਤਿੰਨ ਕੁ ਫੁੱਟ ਦਾ ਗੋਲਾਕਾਰ ਡੰਡਾ ਹੁੰਦਾ ਹੈ। ਉਸ ਡੰਡੇ ਦੇ ਹੇਠਲੇ ਸਿਰੇ 'ਤੇ ਗਿੱਠ ਕੁ ਦੇ ਕਰੀਬ ਜਾਂ ਉਸ ਤੋਂ ਕੁਝ ਘੱਟ ਲੱਕੜੀ ਦੇ ਚਰਖੜੀ ਵਰਗੇ ਦੋ ਟੁਕੜੇ ਫਿੱਟ ਕੀਤੇ ਗਏ ਹੁੰਦੇ ਹਨ। ਗੋਲਾਈ ਵਾਲੇ ਮੁੱਖ ਡੰਡੇ ਉੱਪਰਲੇ ਹਿੱਸੇ 'ਤੇ ਗੋਲਾਈ ਵਿੱਚ ਹੀ ਕੁਝ ਵੱਢੇ [ਬਾਰੀਕ ਝਰੀਆਂ] ਹੁੰਦੇ ਹਨ। ਇਨ੍ਹਾਂ ਝਰੀਆਂ ਦੁਆਲੇ ਵਲੇ ਨੇਤਰੇ [ਡੋਰੀ] ਨਾਲ ਮਧਾਣੀ ਨੂੰ ਘੁੰਮਾਇਆ ਜਾਂਦਾ ਹੈ। ਹੇਠਾਂ ਘੜਵੰਜੀ ਉੱਤੇ ਚਾਟੀ ਟਿਕਾਈ ਜਾਂਦੀ ਹੈ, ਜਿਸ ਵਿੱਚ ਰਿੜਕਣ ਵਾਲਾ ਦਹੀਂ ਪਾਇਆ ਜਾਂਦਾ ਹੈ। ਚਾਟੀ ਮਿੱਟੀ ਦਾ ਬਣਿਆ ਤੇ ਪਕਾਇਆ ਖੁੱਲ੍ਹੇ ਮੂੰਹ ਵਾਲਾ, ਖੁੱਲ੍ਹਾ ਭਾਂਡਾ ਹੁੰਦੀ ਹੈ। ਮਧਾਣੀ ਨੂੰ ਕੁੜ ਵਿੱਚ ਟਿਕਾ ਲਿਆ ਜਾਂਦਾ ਹੈ। ਕੁੜ ਲੱਕੜ ਦਾ ਬਣਿਆ ਯੂ ਆਕਾਰ ਦਾ ਹੋਲਡਰ ਹੁੰਦਾ ਹੈ। ਕੁੜ ਦੇ ਦੋਹਾਂ ਸਿਰਿਆਂ 'ਤੇ ਇੱਕ ਪੱਕੀ ਸੂਤੀ ਰੱਸੀ ਬੰਨ੍ਹੀ ਹੁੰਦੀ ਹੈ। ਉਸਨੂੰ ਚਾਟੀ 'ਤੇ ਰੱਖ ਕੇ ਵਿੱਚੋਂ ਮਧਾਣੀ ਦਾ ਡੰਡਾ ਲੰਘਾਇਆ ਜਾਂਦਾ ਹੈ। ਚਾਟੀ ਘੜਵੰਜੀ 'ਤੇ ਰੱਖੀ ਹੁੰਦੀ ਹੈ। ਕੁੜ ਨੂੰ ਚਾਟੀ 'ਤੇ ਰੱਖ ਕੇ ਉਸ ਵਿੱਚੋਂ ਮਧਾਣੀ ਦੇ ਡੰਡੇ ਨੂੰ ਲੰਘਾ ਕੇ ਘੜਵੰਜੀ 'ਤੇ ਲੱਗੇ ਡੰਡੇ ਨਾਲ ਕੱਸ ਕੇ ਬੰਨ੍ਹ ਦਿੱਤਾ ਜਾਂਦਾ ਹੈ। ਇਸ ਸਥਿਤੀ ਵਿੱਚ ਟਿਕਾ ਕੇ ਮਧਾਣੀ ਨੂੰ ਚਾਟੀ ਵਿੱਚ ਘੁੰਮਾਇਆ ਜਾਂਦਾ ਹੈ। ਮਧਾਣੀ ਨੂੰ ਨੇਤਰੇ ਨਾਲ ਘੁੰਮਾਇਆ ਜਾਂਦਾ ਹੈ। ਨੇਤਰੇ ਦੇ ਦੋਹਾਂ ਸਿਰਿਆਂ ਨੂੰ ਫੜਨ ਲਈ ਸਿਰਿਆਂ 'ਤੇ ਲੱਕੜ ਦੀ ਇੱਕ ਇੱਕ ਗੋਲ ਗੁੱਲੀ ਬੰਨ੍ਹ ਦਿੱਤੀ ਜਾਂਦੀ ਸੀ। ਉਨ੍ਹਾਂ ਗੁੱਲੀਆਂ ਵਿੱਚ ਉਂਗਲਾਂ ਫਸਾ ਕੇ ਮਧਾਣੀ ਨੂੰ ਆਸਾਨੀ ਨਾਲ ਘੁੰਮਾਇਆ ਜਾ ਸਕਦਾ ਹੈ। ਪਕੜ ਵੀ ਚੰਗੀ ਬਣੀ ਰਹਿੰਦੀ। ਮਧਾਣੀ ਦਾ ਸੰਦ ਕਿਉਂਕਿ ਲੋਕ ਮਨ ਦੀ ਕਾਢ ਮੰਨਿਆ ਜਾਂਦਾ ਹੈ, ਮਹਿਜ਼ ਸੁਭਾਵਿਕ ਵਰਤਾਰਾ ਬਣ ਜਾਂਦਾ ਹੈ ਤੇ ਮਧਾਣੀ ਨਾਲ ਸਬੰਧਤ ਕਈ ਗੀਤ ਵੀ ਲੋਕਗੀਤ ਦਾ ਦਰਜਾ ਹਾਸਲ ਕਰ ਗਏ ਹਨ:

**ਮਧਾਣੀਆਂ... ਹਾਏ ਉਏ ਡਾਢਿਆ ਰੱਬਾ**
**ਕਿੰਨਾਂ ਜੰਮੀਆਂ ਕਿੰਨਾਂ ਨੇ ਲੈ ਜਾਣੀਆਂ...**
**ਮਧਾਣੀਆਂ, ਮਧਾਣੀਆਂ, ਮਧਾਣੀਆਂ**
**ਪੇਕੇ ਦੋਵੇਂ ਭੈਣਾਂ ਨੱਚੀਆਂ**
**ਸਹੁਰੇ ਨੱਚੀਆਂ ਦਰਾਣੀਆਂ ਜਠਾਣੀਆਂ**
**ਪੇਕੇ ਦੋਵੇਂ...**

ਲੋਕਗੀਤ ਦੀ ਇੱਕ ਹੋਰ ਤੁਕ ਵਿੱਚ ਧਾਰ ਕੱਢਣ ਤੇ ਦੁੱਧ ਰਿੜਕਣ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਗਿਆ ਹੈ :

**ਦੁੱਧ ਰਿੜਕੇ ਝਾਂਜਰਾਂ ਵਾਲੀ,**
**ਕੈਂਠੇ ਵਾਲਾ ਧਾਰ ਕੱਢਦਾ।**

ਦੁੱਧ\ ਦਹੀਂ ਨੂੰ ਰਿੜਕਣਾ ਤੇ ਚਾਟੀਆਂ ਨੂੰ ਮਾਂਜਣਾ, ਕੂਚਣਾ, ਧੋਣਾ, ਸੰਵਾਰਨਾ, ਸੁਕਾਉਣਾ ਆਦਿ ਬਹੁਤ ਕਠਿਨ ਕੰਮ ਸਮਝੇ ਜਾਂਦੇ ਸਨ। ਅਜਿਹਾ ਕੰਮ ਕਰਦੀ-ਕਰਦੀ ਥੱਕ ਹਾਰ ਗਈ ਇੱਕ ਸੁਆਣੀ ਆਪਣੇ ਮਨ ਦਾ ਦਰਦ ਇੰਜ ਪ੍ਰਗਟ ਕਰਦੀ ਹੈ :

**ਕੂਚ-ਕੂਚ ਚਾਟੀਆਂ ਮੈਂ ਹੇਠਾਂ ਉੱਤੇ ਰੱਖੀਆਂ**
**ਉਤਲੀ ਚਾਟੀ ਵਿੱਚ ਲੱਸੀ ਮਾਏ ਮੇਰੀਏ..**
**ਸੌਕਣ ਬੜੀ ਕੁਪੱਤੀ ਮਾਏ ਮੇਰੀਏ....।**

**ਸੱਸੂ ਨੇ ਤਾਂ ਪਾ ਲੀ ਮਧਾਣੀ ਉੱਠਕੇ ਵੱਡੇ ਤੜਕੇ**
**ਮੈਨੂੰ ਕਹਿੰਦੀ ਚੱਕੀ ਝੋਅ ਲੈ, ਕੰਮ ਮੁਕਾਈਏ ਰਲ ਕੇ**
**ਉੱਠਿਆ ਨਾ ਜਾਏ ਸੱਸੀਏ ਨੀਂਦ ਅੱਖਾਂ ਵਿੱਚ ਰੜਕੇ...।**

ਦਹੀਂ ਰਿੜਕਣ ਵਾਲੀਆਂ ਔਰਤਾਂ ਦੀ ਇਸ ਪ੍ਰਕਿਰਿਆ ਦੌਰਾਨ ਸਰੀਰਿਕ ਕਸਰਤ ਵੀ ਹੋ ਜਾਂਦੀ ਸੀ। ਉਹ ਤੰਦਰੁਸਤ ਰਹਿੰਦੀਆਂ ਸਨ। ਉਹ ਹੱਥੀਂ ਕੰਮ ਕਰਨ ਵਿੱਚ ਵਿਸ਼ਵਾਸ ਰੱਖਦੀਆਂ ਸਨ। ਘਰ ਵਿੱਚ ਦਿਨ ਭਰ ਵਾਸਤੇ ਲੱਸੀ ਨੂੰ ਪੀਣ ਲਈ ਵਰਤਿਆ ਜਾਂਦਾ ਸੀ। ਚਾਟੀ ਦੀ ਲੱਸੀ ਨੂੰ ਘਰ ਦੀ ਬਰਕਤ ਸਮਝਿਆ ਜਾਂਦਾ ਸੀ। ਗਰਮੀਆਂ ਦੇ ਦਿਨੀਂ ਵਰਦਾਨ ਸਮਝੀ ਜਾਣ ਵਾਲੀ ਲੱਸੀ ਨੂੰ ਆਂਢ ਗੁਆਂਢ ਵਿੱਚ ਵੀ ਭੇਜ ਦਿੱਤਾ ਜਾਂਦਾ ਸੀ ਜਾਂ ਆਂਢੀ-ਗੁਆਂਢੀ ਆਪ ਆ ਕੇ ਲੱਸੀ ਲੈ ਜਾਂਦੇ ਸਨ। ਕੱਚੇ ਕੋਰੇ ਘੜੇ ਜਾਂ ਮਟਕੀ ਵਿੱਚ ਸਾਂਭ ਕੇ ਰੱਖੀ ਲੱਸੀ ਨੂੰ ਦਿਨ ਭਰ ਲਈ ਪੀਣ ਵਾਸਤੇ ਵਰਤ ਲਿਆ ਜਾਂਦਾ ਸੀ।

**ਖੂਹ ਵਿੱਚ ਪਾਣੀ, ਮਾਂ ਮੇਰੀ ਰਾਣੀ ਕੱਢੇਗੀ ਕਸੀਦੜਾ, ਪਾਏਗੀ ਮਧਾਣੀ...।**

ਮਧਾਣੀ ਦੇ ਨਾਲ ਨਾਲ ਕਈ ਲੋਕ ਗੀਤਾਂ ਵਿੱਚ ਚਾਟੀ ਦਾ ਜ਼ਿਕਰ ਵੀ ਆਉਂਦਾ ਹੈ। ਇਨ੍ਹਾਂ ਦੋਹਾਂ ਦੀ ਸਾਂਝ ਕਿਉਂਕਿ ਸਦੀਵੀ ਹੈ, ਇਸ ਲਈ ਚਾਟੀ ਦੀ ਗੱਲ ਕਰਨ ਵਾਲੇ ਲੋਕ ਗੀਤ ਵੀ ਵੇਖਦੇ ਹਾਂ:

**ਬੀਕਾਨੇਰ 'ਚੋਂ ਊਠ ਲਿਆਂਦਾ ਦੇ ਕੇ ਰੋਕ ਪਚਾਸੀ**
**ਸ਼ਹਿਣੇ ਦੇ ਵਿੱਚ ਝਾਂਜਰ ਬਣਦੀ ਮੁਕਸਰ ਬਣਦੀ ਕਾਠੀ**
**ਭਾਈ ਬਖਤੌਰੇ ਬਣਦੇ ਟਕੂਏ ਰੱਲੇ ਬਣੇ ਗੰਡਾਸੀ**
**ਰਉਂਤੇ ਦੇ ਵਿੱਚ ਬਣਦੇ ਖੂੰਡੇ ਵਿੱਚ ਭਦੌੜ ਦੇ ਚਾਟੀ...।**

ਮਧਾਣੀ ਨਾਲ ਰਿੜਕੇ ਦੁੱਧ ਵਿੱਚੋਂ ਮੱਖਣ ਕੱਢ ਲਿਆ ਜਾਂਦਾ ਹੈ ਤੇ ਉਸਨੂੰ ਉਬਾਲ ਕੇ ਘਿਓ ਬਣਾਇਆ ਜਾਂਦਾ ਹੈ। ਉੱਪਰੋਂ ਉੱਪਰੋਂ ਘਿਓ ਵੱਖ ਕਰ ਲਿਆ ਜਾਂਦਾ ਹੈ। ਭਾਂਡੇ ਵਿੱਚ ਲੱਸੀ ਰਲਿਆ ਤਿਰਮਿਰਾ ਜਿਹਾ ਪਦਾਰਥ ਥੱਲੇ ਲੱਗਿਆ ਰਹਿ ਜਾਂਦਾ ਹੈ। ਉਸ ਵਿੱਚ ਘਿਓ ਦੀ ਵੀ ਮਾਮੂਲੀ ਮਾਤਰਾ ਰਹਿ ਜਾਂਦੀ ਹੈ। ਉਸ ਪਦਾਰਥ ਨੂੰ ਝਰੇੜੂ ਕਹਿ ਲਿਆ ਜਾਂਦਾ ਹੈ। ਕਈ ਜੁਗਤੀ ਔਰਤਾਂ ਝਰੇੜੂ ਨੂੰ ਰੋਟੀਆਂ ਚੋਪੜਣ ਲਈ ਵਰਤ ਲੈਂਦੀਆਂ ਹਨ। ਮੱਖਣ, ਘਿਓ, ਲੱਸੀ, ਝਰੇੜੂ ਆਦਿ ਦੀਆਂ ਬਰਕਤਾਂ ਪ੍ਰਦਾਨ ਕਰਨ ਪਿੱਛੇ ਮਧਾਣੀ ਇੱਕ ਮਹੱਤਵਪੂਰਨ ਸੰਦ ਵਜੋਂ ਕੰਮ ਕਰਦੀ ਆਈ ਹੈ। ਹੁਣ ਦੁੱਧ ਦਹੀਂ, ਮੱਖਣ, ਘਿਓ, ਪਨੀਰ, ਲੱਸੀ, ਖੀਰ ਆਦਿ ਪਦਾਰਥਾਂ ਦਾ ਉਤਪਾਦਨ ਵੱਡੀਆਂ ਵੱਡੀਆਂ ਕੰਪਨੀਆਂ ਕਰਨ ਲੱਗ ਪਈਆਂ ਹਨ ਤੇ ਇਹ ਸਾਰਾ ਕੁਝ ਵੱਡੇ ਵੱਡੇ ਬਰਾਂਡਾਂ ਦੇ ਨਾਂ ਹੇਠ ਡੱਬਾ ਬੰਦ ਲਿਫਾਫ਼ੇ ਬੰਦ ਤੇ ਬੰਦ ਪੈਕ ਦੇ ਵੰਨ ਸੁਵੰਨੇ ਰੂਪਾਂ ਵਿੱਚ ਉਪਲੱਬਧ ਹੋ ਜਾਂਦਾ ਹੈ। ਹੁਣ ਕੁਝ ਦਿਨਾਂ ਦੀ ਇਕੱਠੀ ਕੀਤੀ ਮਲਾਈ, ਦੁੱਧ ਦੀ ਕਰੀਮ ਤੇ ਦਹੀਂ ਆਦਿ ਨੂੰ ਬਿਜਲੀ ਨਾਲ ਚੱਲਣ ਵਾਲੀਆਂ ਮਧਾਣੀਆਂ, ਮਿਕਸਚਰ, ਗਰਾਈਂਡਰ, ਬਲੈਂਡਰ ਆਦਿ ਨਾਲ ਰਿੜਕ ਕੇ ਮੱਖਣ ਬਣਾਇਆ ਜਾਂਦਾ ਹੈ। ਬਹੁਤ ਵੱਡਾ ਪਰਿਵਰਤਨ ਆ ਜਾਣ ਦੇ ਬਾਵਜੂਦ ਵੀ ਦਹੀਂ ਰਿੜਕਣ ਵਾਲੀ ਪੁਰਾਣੀ ਮਧਾਣੀ ਦੇ ਮਹੱਤਵ ਨੂੰ ਘਟਾਇਆ ਨਹੀਂ ਜਾ ਸਕਦਾ।

**ਪੰਜਾਬੀ ਸੱਭਿਆਚਾਰ ਨੂੰ ਸਮਰਪਿਤ...** **ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ**



## ਕੀ ਤੁਹਾਨੂੰ ਪਤਾ ਹੈ
## ਸਾਡਾ ਪੰਜਾਬੀ ਵਿਰਸਾ
007



001. ਨੇਤਰਾ ਦੁੱਧ ਰਿੜਕਣ ਵਾਲੇ ਰੱਸੇ ਨੂੰ ਕਹਿੰਦੇ ਹਨ।

002. ਬੱਕਲੀਆਂ ਜਾਂ ਛੋਲੇ ਉਖਲੀ ਵਿਚ ਕੁੱਟੇ ਜਾਂਦੇ ਹਨ।

003. 'ਸੱਗੀ ਫੁੱਲ' ਸਿਰ ਤੇ ਪਹਿਨਣ ਵਾਲਾ ਗਹਿਣਾ ਹੈ।

004. 'ਦੋੜਾ' ਖੇਸ ਨੂੰ ਕਹਿੰਦੇ ਹਨ ਜਿਸ ਨਾਲ ਪੁਰਾਣੇ ਸਮੇਂ ਵਿਚ ਪੰਡਾ ਬੰਨਣ ਦਾ ਕੰਮ ਲਿਆ ਜਾਂਦਾ ਸੀ।

005. ਆਮ ਤੌਰ ਤੇ 'ਘੋਟਣਾ' ਨਿੰਮ ਦੀ ਲੱਕੜ ਦਾ ਬਣਾਇਆ ਜਾਂਦਾ ਹੈ।

ਸਾਡੇ ਇਸ ਕਾਲਮ ਪ੍ਰਤੀ ਕਿਸੇ ਵੀ ਤਰ੍ਹਾ ਦੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ:

E-mail: mehakwattandi@rediffmail.com, Help Line: (+91)-9988-92-9988


ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ Web TV
'Mehak Watan Di Live' ਲਾਈਵ

ਆਪਣੇ ਧਾਰਮਿਕ, ਸਾਹਿਤਕ, ਰਾਜਨੀਤਿਕ ਅਤੇ ਸੱਭਿਆਚਾਰਕ ਪ੍ਰੋਗਰਾਮ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਲਾਈਵ, ਡੀ-ਲਾਈਵ ਚਲਾਉਣ ਲਈ ਸੰਪਰਕ ਕਰੋ :
9988-92-9988

'ਮਹਿਕ ਵਤਨ ਦੀ ਲਾਈਵ' ਦੇ ਪੱਤਰਕਾਰ ਬਨਣ ਲਈ ਵੀ ਉਪਰੋਕਤ ਨੰਬਰ ਤੇ ਸੰਪਰਕ ਕਰੋ।

Scanned with CamScanner







# ਕਾਦਰ ਦੀ ਕੁਦਰਤੀ ਸੁੰਦਰਤਾ ਨਾਲ ਵਰੋਸਾਇਆ ਮੁਲਕ ਨੌਰਵੇ

ਪਰਮਜੀਤ ਕੌਰ ਸਰਹਿੰਦ, ਮੋਬਾਈਲ: 98728-98599

ਨੌਰਵੇ (ਦਰਮਨ) ਨੂੰ 'ਛੇ ਮਹੀਨੇ ਦਿਨ' ਤੇ 'ਛੇ ਮਹੀਨੇ ਰਾਤ' ਵਾਲਾ ਮੁਲਕ ਕਿਹਾ ਜਾਂਦਾ ਹੈ। ਇੱਥੇ 15 ਅਕਤੂਬਰ ਤੋਂ ਕਰੀਬ ਪੰਜ ਵਜੇ ਅਤੇ ਨਵੰਬਰ ਦੇ ਅੱਧ ਤੋਂ ਤਿੰਨ ਕੁ ਵਜੇ ਹੀ ਹਨ੍ਹੇਰਾ ਸ਼ੁਰੂ ਹੋ ਜਾਂਦਾ ਹੈ। ਛੇ ਕੁ ਮਹੀਨੇ ਮੌਸਮ ਇਸੇ ਤਰ੍ਹਾਂ ਰਹਿੰਦਾ ਹੈ। ਇਨ੍ਹਾਂ ਦਿਨਾਂ ਵਿੱਚ ਸੂਰਜ ਤਾਂ ਦਿੱਸਦਾ ਹੀ ਨਹੀਂ, ਕਦੇ-ਕਦਾਈਂ ਮਾੜੀ ਮੋਟੀ ਲਿਸ਼ਕੋਰ ਜ਼ਰੂਰ ਦਿੱਸਦੀ ਹੈ। ਇਹ ਲੋਕ ਅਕਤੂਬਰ ਦੇ ਆਖਰੀ ਐਤਵਾਰ ਆਪਣੀਆਂ ਘੜੀਆਂ ਦਾ ਸਮਾਂ ਬਦਲ ਕੇ ਇੱਕ ਘੰਟਾ ਪਿੱਛੇ ਅਤੇ ਅਪਰੈਲ ਵਿੱਚ ਇੱਕ ਘੰਟਾ ਅੱਗੇ ਕਰ ਲੈਂਦੇ ਹਨ। ਇੱਥੋਂ ਦੇ ਸਮੇਂ ਦਾ ਸਰਦ ਰੁੱਤੇ ਸਾਢੇ ਚਾਰ ਘੰਟੇ ਅਤੇ ਗਰਮੀ ਦੀ ਰੁੱਤੇ ਸਾਢੇ ਤਿੰਨ ਘੰਟੇ ਦਾ ਫ਼ਰਕ ਹੁੰਦਾ ਹੈ। ਭਾਰਤੀ ਸਮਾਂ ਇੱਥੇ ਨਾਲੋਂ ਅੱਗੇ ਰਹਿੰਦਾ ਹੈ।

ਇੱਥੇ ਕੁਦਰਤ ਅਤੇ ਵਿਗਿਆਨ ਦੇ ਬੜੇ ਖ਼ੂਬਸੂਰਤ ਕ੍ਰਿਸ਼ਮੇਂ ਦੇਖਣ ਨੂੰ ਮਿਲਦੇ ਹਨ। ਜਦੋਂ ਰਾਤ ਨੂੰ ਬਰਫ਼ ਪੈਂਦੀ ਹੈ ਤਾਂ ਦੇਖਦਿਆਂ ਹੀ ਦੇਖਦਿਆਂ ਦ੍ਰਿਸ਼ ਬਦਲ ਜਾਂਦਾ ਹੈ। ਬਰਫ਼ ਪੈਣ ਨਾਲ ਘੁੱਪ ਹਨੇਰਾ ਵੀ ਚਾਨਣ-ਚਾਨਣ ਹੋ ਜਾਂਦਾ ਹੈ ਤੇ ਮੱਸਿਆ ਦੀ ਰਾਤ ਵੀ ਪੂਰਨਮਾਸ਼ੀ ਵਰਗੀ ਭਾਸਦੀ ਹੈ। ਆਲੇ-ਦੁਆਲੇ ਦਿੱਸਦੇ ਘਰਾਂ ਦੀਆਂ ਲਾਲ, ਕਾਲੀਆਂ ਜਾਂ ਸੁਰਮਈ ਛੱਤਾਂ ਉੱਤੇ ਕੁਦਰਤ ਪਲਾਂ ਵਿੱਚ ਸਫ਼ੇਦੀ ਫੇਰ ਦਿੰਦੀ ਹੈ। ਘਰਾਂ ਦੇ ਅੱਗੇ-ਪਿੱਛੇ




ਬਣੀਆਂ ਫੁੱਲ-ਬੂਟਿਆਂ ਤੇ ਘਾਹ ਦੀਆਂ ਬਗੀਚੀਆਂ ਵੀ ਰੂਪ ਵਟਾ ਲੈਂਦੀਆਂ ਹਨ। ਗੁਲਾਬ ਦੇ ਲਾਲ ਸੂਹੇ ਫੁੱਲ ਚਿੱਟੇ ਹੋ ਜਾਂਦੇ ਹਨ। ਪੂਰੀ ਕਾਇਨਾਤ ਜਿਵੇਂ ਕਾਗੋਂ ਹੰਸ ਹੋ ਜਾਂਦੀ ਹੈ। ਇੱਥੇ ਘਰਾਂ ਦੇ ਬਾਹਰ ਸਾਡੇ ਵਾਗੂੰ ਇੱਟਾਂ-ਪੱਥਰਾਂ ਤੇ ਸੀਮਿੰਟ ਦੀਆਂ ਚਾਰ ਦੀਵਾਰੀਆਂ ਨਹੀਂ ਹੁੰਦੀਆਂ। ਕਿਸੇ-ਕਿਸੇ ਘਰ ਦੁਆਲੇ ਲੱਕੜ ਦੀਆਂ ਫੱਟੀਆਂ ਦੀ ਦੀਵਾਰ ਹੁੰਦੀ ਹੈ। ਦੀਵਾਰ ਦੇ ਨਾਂ 'ਤੇ ਸਿਰਫ਼ ਚਾਰ-ਛੇ ਫੁੱਟ ਉੱਚੇ ਹਰੇ-ਭਰੇ ਬੂਟਿਆਂ ਦੀ ਓਟ ਜਿਹੀ ਹੁੰਦੀ ਹੈ। ਇਹ ਬੂਟੇ ਕਈ ਵਾਰ ਕਪਾਹ ਜਾਂ ਨਰਮੇ ਵਰਗੇ ਲੱਗਦੇ ਹਨ। ਬਰਫ਼ ਪੈਣ 'ਤੇ ਤਾਂ ਇਹ ਇਉਂ ਜਾਪਦੇ ਹਨ ਜਿਵੇਂ ਖੇਤਾਂ ਵਿੱਚ ਕਪਾਹ ਖਿੜੀ ਹੋਵੇ। ਬੂਟਿਆਂ ਦੇ ਪੱਤਿਆਂ ਜਾਂ ਫੁੱਲਾਂ 'ਤੇ ਪਈ ਬਰਫ਼ ਬਿਲਕੁਲ ਕਪਾਹ ਦੀਆਂ ਫੁੱਟੀਆਂ ਵਰਗੀਆਂ ਲੱਗਦੀ ਹੈ।

ਨੌਰਵੇ ਸੰਸਾਰ ਦਾ ਠੰਢਾ ਦੇਸ਼ ਹੈ। ਇਹ ਯੂਰਪ ਵਿੱਚ ਸਥਿਤ ਹੈ। ਉੱਤਰੀ ਧਰੁਵ ਨੇੜਲਾ ਇਹ ਦੇਸ਼ ਉੱਤਰ ਵੱਲ ਯੂਰਪ ਦਾ ਆਖਰੀ ਦੇਸ਼ ਹੈ। ਇਹ ਯੂਰਪੀਨ ਦੇਸ਼ਾਂ ਦੇ ਸਭ ਤੋਂ ਘੱਟ ਵੱਸੋਂ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ। ਇਸ ਦੀ ਪੂਰਬੀ ਸੀਮਾ ਸਵੀਡਨ ਅਤੇ ਉੱਤਰੀ ਸੀਮਾ ਫਿਨਲੈਂਡ ਅਤੇ ਰੂਸ ਨਾਲ ਲੱਗਦੀ ਹੈ। ਇਸ ਦਾ ਪੱਛਮ ਤੇ ਦੱਖਣ ਸਮੁੰਦਰੀ ਤੱਟ ਹੈ। ਭੂ-ਵਿਗਿਆਨੀਆਂ ਮੁਤਾਬਕ ਧਰਤੀ ਗੋਲ ਹੈ ਅਤੇ ਇਸ ਦੇ ਆਲੇ-ਦੁਆਲੇ ਪਾਣੀ ਹੀ ਪਾਣੀ। ਇਹ ਦੇਸ਼ ਉਸ ਥਾਂ 'ਤੇ ਸਥਿਤ ਹੈ ਜਿੱਥੇ ਇੱਕ ਥਾਂ ਇਸ ਤੋਂ ਅੱਗੇ ਪਾਣੀ ਹੀ ਪਾਣੀ ਹੈ ਅਰਥਾਤ ਸਮੁੰਦਰ ਹੈ। ਇਸ ਥਾਂ ਦਾ ਨਾਂ 'ਵਰਧਨਸ ਐਂਡੇ' ਭਾਵ ਦੁਨੀਆਂ ਦਾ ਅਖੀਰ ਹੈ। ਇਹ ਜੰਗਲਾਂ ਅਤੇ ਪਹਾੜਾਂ, ਨਦੀਆਂ ਤੇ ਦਰਿਆਵਾਂ ਵਾਲਾ ਇੱਕ ਸੁੰਦਰ ਖ਼ੁਸ਼ਹਾਲ ਮੁਲਕ ਹੈ।

ਨੌਰਵੇ ਦਾ ਔਸਤਨ ਤਾਪਮਾਨ ਜਨਵਰੀ ਭਾਵ ਸਰਦੀਆਂ ਵਿੱਚ ਮਨਫ਼ੀ 17 ਡਿਗਰੀ ਅਤੇ ਜੂਨ ਮਤਲਬ ਗਰਮੀਆਂ ਵਿੱਚ 17 ਡਿਗਰੀ ਦੇ ਕਰੀਬ ਹੁੰਦਾ ਹੈ ਜਦੋਂਕਿ ਭਾਰਤ/ ਪੰਜਾਬ ਵਿੱਚ ਜੂਨ-ਜੁਲਾਈ 'ਚ ਤਾਪਮਾਨ 40-45 ਡਿਗਰੀ ਦੇ ਕਰੀਬ ਹੁੰਦਾ ਹੈ। ਨੌਰਵੇ ਵਿੱਚ ਜ਼ਿਆਦਾਤਰ ਮੀਂਹ ਵਾਲਾ ਹੀ ਮੌਸਮ ਰਹਿੰਦਾ ਹੈ। ਧੁੱਪ ਸਿਰਫ਼ ਜੂਨ-ਜੁਲਾਈ ਵਿੱਚ ਨਿਕਲਦੀ ਹੈ। ਅਕਤੂਬਰ ਵਿੱਚ ਤਾਪਮਾਨ 4 ਡਿਗਰੀ ਤੋਂ 10 ਡਿਗਰੀ ਤਕ ਰਹਿੰਦਾ ਹੈ। ਕਈ ਵਾਰ ਅਕਤੂਬਰ ਦੇ ਅਖੀਰ ਵਿੱਚ ਤਾਪਮਾਨ ਮਨਫ਼ੀ 5-6 ਡਿਗਰੀ ਵੀ ਹੋ ਜਾਂਦਾ ਹੈ ਅਤੇ ਅਜਿਹੇ ਤਾਪਮਾਨ ਵਿੱਚ ਜੇ ਮੀਂਹ ਪੈਣ ਲੱਗ ਜਾਵੇ ਤਾਂ ਬਰਫ਼ਬਾਰੀ ਸ਼ੁਰੂ ਹੋ ਜਾਂਦੀ ਹੈ। ਨਵੰਬਰ ਵਿੱਚ ਤਾਪਮਾਨ 0 ਤੋਂ 1-2 ਡਿਗਰੀ ਹੁੰਦਾ ਹੈ। ਜਦੋਂ ਤਾਪਮਾਨ ਹੋਰ ਘੱਟ ਜਾਂਦਾ ਹੈ ਤਾਂ ਬਰਫ਼ ਪੈਣ ਲੱਗਦੀ ਹੈ। ਪਹਿਲੀ ਬਰਫ਼ ਬਾਰੀ ਤੋਂ ਬਾਅਦ ਆਮ ਤੌਰ 'ਤੇ ਬਰਫ਼ ਪਿਘਲ ਜਾਂਦੀ ਹੈ ਤੇ ਮੌਸਮ ਫਿਰ ਠੀਕ ਹੋ ਜਾਂਦਾ ਹੈ। ਬਰਫ਼ ਤੋਂ ਬਾਅਦ ਜੇ ਤਾਪਮਾਨ ਸਿਫ਼ਰ ਤੋਂ ਵੱਧ ਹੋ ਜਾਂਦਾ ਹੈ ਤਾਂ ਬਰਫ਼ ਦਾ ਚਿੱਕੜ ਜਿਹਾ ਹੋ ਜਾਂਦਾ ਹੈ ਤੇ ਇਸ ਨੂੰ ਇੱਥੋਂ ਦੇ ਲੋਕ ਗੰਦਾ ਮੌਸਮ ਕਹਿੰਦੇ ਹਨ। ਜੇ ਜਮ੍ਹਾਂ ਤੋਂ ਪਿੱਛੋਂ ਫਿਰ ਇਕਦਮ ਤਾਪਮਾਨ ਮਨਫ਼ੀ ਹੋ ਜਾਂਦਾ ਹੈ ਤਾਂ ਪਿਘਲੀ ਹੋਈ ਬਰਫ਼ ਦਾ ਜੰਮ ਕੇ ਸ਼ੀਸ਼ਾ ਜਿਹਾ ਬਣ ਜਾਂਦਾ ਹੈ ਜਿਸ 'ਤੇ ਤਿਲਕ ਕੇ ਡਿੱਗਣ ਦਾ ਬਹੁਤ ਡਰ ਰਹਿੰਦਾ ਹੈ। ਇਸ ਤਰ੍ਹਾਂ ਦੇ ਮੌਸਮ ਨੂੰ ਇਹ ਲੋਕੀਂ ਬੜਾ ਖ਼ਤਰਨਾਕ ਮੌਸਮ ਵੀ ਆਖਦੇ ਹਨ। ਬਰਫ਼ ਤੋਂ ਬਾਅਦ ਜੇ ਤਾਪਮਾਨ ਲਗਾਤਾਰ ਮਨਫ਼ੀ ਵਿੱਚ ਰਹੇ ਤਾਂ ਇਹ ਇਸ ਨੂੰ ਬਹੁਤ ਵਧੀਆ ਮੌਸਮ

Scanned with CamScanner



ਗਿਣਦੇ ਹਨ ਕਿਉਂਕਿ ਇਸ ਨਾਲ ਬਰਫ਼ ਜੰਮੀ ਰਹਿੰਦੀ ਹੈ ਤੇ ਲਗਾਤਾਰ ਬਰਫ਼ ਬਾਰੀ ਹੁੰਦੀ ਹੈ। ਘਰਾਂ ਦੇ ਦਰਵਾਜ਼ਿਆਂ ਤੇ ਖਿੜਕੀਆਂ ਅੱਗੇ ਵੀ ਬਰਫ਼ ਦੇ ਢੇਰ ਲੱਗ ਜਾਂਦੇ ਹਨ। ਇਸ ਬਰਫ਼ ਨੂੰ ਇਹ ਘਰਾਂ ਵਿੱਚ ਰੱਖੇ ਪਲਾਸਟਿਕ ਦੇ ਬੇਲਚੇ ਨਾਲ ਚੁੱਕ ਕੇ ਪਾਸੇ ਕਰਦੇ ਹਨ। ਇਸ ਮੌਸਮ ਵਿੱਚ ਲੋਕਾਂ ਦੀ ਜ਼ਿੰਦਗੀ ਵਿੱਚ ਥੋੜ੍ਹਾ ਬਦਲਾਉ ਤਾਂ ਆਉਂਦਾ ਹੈ ਪਰ ਰੁਕਾਵਟ ਨਹੀਂ। ਇਹ ਸਵੇਰੇ ਉੱਠਣ ਸਾਰ ਤਾਪਮਾਨ ਦੇਖਦੇ ਹਨ ਤੇ ਉਸ ਹਿਸਾਬ ਨਾਲ ਕੱਪੜੇ ਪਹਿਨਦੇ ਹਨ।

ਕੁਦਰਤ ਅਤੇ ਵਿਗਿਆਨ ਦਾ ਅਜੀਬ ਸੁਮੇਲ ਦੇਖਣ ਨੂੰ ਮਿਲਦਾ ਹੈ। ਜਦੋਂ ਬਾਹਰ ਕਈ-ਕਈ ਫੁੱਟ ਬਰਫ਼ ਚੜ੍ਹੀ ਹੁੰਦੀ ਹੈ ਪਰ ਘਰਾਂ ਅੰਦਰ ਪੂਰਾ ਨਿੱਘ ਹੁੰਦਾ ਹੈ ਤੇ ਇਹ ਲੋਕ ਹਲਕੇ-ਫੁਲਕੇ ਕੱਪੜੇ ਪਹਿਨੀ ਫਿਰਦੇ ਹਨ। ਘਰ ਦੇ ਫਰਸ਼ ਵਿੱਚ ਜ਼ਮੀਨਦੋਜ਼ ਬਿਜਲਈ ਤਾਰਾਂ ਅਤੇ ਦੀਵਾਰਾਂ ਵਿੱਚ ਲੱਗੇ ਹੀਟਰਾਂ ਨਾਲ ਘਰ ਦਾ ਤਾਪਮਾਨ +15 ਜਾਂ 18 ਡਿਗਰੀ ਰੱਖਿਆ ਜਾਂਦਾ ਹੈ। ਬਹੁਤੀ ਠੰਢ ਸਮੇਂ ਵਧਾ ਵੀ ਲਿਆ ਜਾਂਦਾ ਹੈ। ਬਰਫ਼ ਦੇ ਦਿਨਾਂ ਵਿੱਚ ਮੋਟੇ-ਭਾਰੇ ਫਰ ਵਾਲੇ ਕੱਪੜੇ ਪਹਿਨ ਕੇ ਹੀ ਇਹ ਲੋਕੀਂ ਬਾਹਰ ਨਿਕਲਦੇ ਹਨ। ਜੁੱਤਿਆਂ ਦੇ ਅੰਦਰ ਵੀ ਫਰ ਲੱਗੀ ਹੁੰਦੀ ਹੈ ਜਿਸ ਨਾਲ ਪੈਰ ਠੰਢ ਵਿੱਚ ਸੁੰਨ ਨਹੀਂ ਹੁੰਦੇ। ਬਰਫ਼ ਵਿੱਚ ਤੁਰਨ ਲਈ ਜੁੱਤਿਆਂ ਦੇ ਥੱਲੇ ਲਗਾਉਣ ਲਈ ਇੱਕ ਲਚਕਦਾਰ ਰਬੜ ਦਾ ਤਲੇ ਦੇ ਨਾਪ ਤੇ ਆਕਾਰ ਦਾ ਫਰਮਾ ਜਿਹਾ ਬਣਿਆ ਹੁੰਦਾ ਹੈ ਜਿਸ ਵਿੱਚ ਰਬੜ ਦੀਆਂ ਮੋਟੀਆਂ ਤਾਰਾਂ ਦਾ ਜਾਲ ਪਾ ਕੇ ਉਸ 'ਤੇ ਲੋਹੇ ਦੀ ਤਾਰ ਥੋੜ੍ਹੀ ਵਿਰਲੀ ਕਰਕੇ ਲਪੇਟੀ ਹੁੰਦੀ ਹੈ ਜਾਂ ਲੋਹੇ ਦੇ ਨਿੱਕੇ-ਨਿੱਕੇ ਬਟਨਨੁਮਾ ਕਿੱਲ ਜਿਹੇ ਲੱਗੇ ਹੁੰਦੇ ਹਨ। ਇਸ ਨੂੰ ਬਰੂਦਰ ਕਿਹਾ ਜਾਂਦਾ ਹੈ। ਇਹ ਲੋਕ ਬਰੂਦਰ ਨੂੰ ਘਰੋਂ ਬਾਹਰ ਜਾਣ ਸਮੇਂ ਆਪਣੇ ਜੁੱਤੇ ਦੇ ਤਲੇ ਉੱਤੇ ਚੜ੍ਹਾ ਲੈਂਦੇ ਹਨ ਅਤੇ ਬੇਫ਼ਿਕਰ ਹੋ ਕੇ ਬਰਫ਼ 'ਤੇ ਤੁਰੇ ਫਿਰਦੇ ਹਨ। ਇਹ ਪਹਿਨ ਕੇ ਆਮ ਫਰਸ਼ ਜਾਂ ਘਰ ਦੇ ਅੰਦਰ ਨਹੀਂ ਤੁਰਿਆ ਜਾਂਦਾ। ਇਸ ਨਾਲ ਤਿਲਕ ਕੇ ਡਿੱਗਣ ਦਾ ਡਰ ਹੁੰਦਾ ਹੈ। ਇਸ ਲਈ ਬਰੂਦਰ ਨੂੰ ਉਤਾਰ ਕੇ ਰੱਖ ਦਿੱਤਾ ਜਾਂਦਾ ਹੈ।

ਮਾਰੋ-ਮਾਰ ਪੈਂਦੀ ਬਰਫ਼ ਵਿੱਚ ਵੀ ਜਨ-ਜੀਵਨ ਬਹੁਤਾ ਪ੍ਰਭਾਵਿਤ ਨਹੀਂ ਹੁੰਦਾ। ਸ਼ਹਿਰ ਦੀਆਂ ਸੜਕਾਂ ਅਤੇ ਹਾਈਵੇਅ ਤੋਂ ਸਰਕਾਰ ਵੱਲੋਂ ਨਾਲ ਦੀ ਨਾਲ ਬਰਫ਼ ਪਾਸੇ ਹਟਵਾਈ ਜਾਂਦੀ ਹੈ। ਬਰਫ਼ ਹਟਾਉਣ/ ਚੁੱਕਣ ਦਾ ਠੇਕਾ ਸ਼ਹਿਰ ਦੀ ਕਮਿਊਨ (ਨਗਰ ਨਿਗਮ) ਵੱਲੋਂ ਕਿਸਾਨਾਂ ਨੂੰ ਦਿੱਤਾ ਜਾਂਦਾ ਹੈ ਕਿਉਂਕਿ ਕਿਸਾਨ ਬਰਫ਼ ਤੇ ਸਰਦੀ ਦੇ ਕਾਰਨ ਆਪਣੇ ਕੰਮਾਂ ਤੋਂ ਵਿਹਲੇ ਹੁੰਦੇ ਹਨ। ਇਹ ਆਪਣੇ ਟਰੈਕਟਰ ਨਾਲ ਕਰਾਹ ਵਰਗੀ ਮਸ਼ੀਨ ਜੋੜ ਕੇ ਬਰਫ਼ ਖਿੱਚ-ਖਿੱਚ ਕੇ ਪਾਸੇ ਕਰਦੇ ਹਨ। ਬਹੁਤੀ ਪਈ ਜਾਂ ਪੈ ਰਹੀ ਬਰਫ਼ ਨੂੰ ਇਹ ਜ਼ੋਰਦਾਰ ਮਸ਼ੀਨੀ ਪ੍ਰੈਸ਼ਰ ਨਾਲ ਫੁਹਾਰੇ ਵਾਂਗ ਉਡਾ-ਉਡਾ ਕੇ ਸੜਕਾਂ ਦੇ ਆਸੇ-ਪਾਸੇ ਢੇਰ ਲਗਾਉਂਦੇ ਹਨ। ਇਸ ਤਰ੍ਹਾਂ ਆਵਾਜਾਈ ਵਿੱਚ ਕੋਈ ਰੁਕਾਵਟ ਨਹੀਂ ਪੈਂਦੀ। ਲੋਕ ਆਮ ਵਾਂਗ ਹੀ ਆਪਣੇ ਕੰਮ-ਕਾਰ ਕਰਦੇ ਹਨ। ਥੋੜ੍ਹੀ-ਥੋੜ੍ਹੀ ਪੈਂਦੀ ਬਰਫ਼ ਵਿੱਚ ਬਾਹਰ ਤੁਰੇ ਫਿਰਦਿਆਂ ਕੋਈ ਖ਼ਾਸ ਫ਼ਰਕ ਨਹੀਂ ਪੈਂਦਾ ਪਰ ਜ਼ੋਰਦਾਰ ਬਰਫ਼ਬਾਰੀ ਵਿੱਚ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਪੰਜਾਬ ਵਿੱਚ ਪੋਹ-ਮਾਘ ਦੇ ਮਹੀਨੇ ਦੇ ਝੜੀ-ਝਾਂਜੇ ਦੀ ਤੇਜ਼ ਵਾਛੜ ਵਿੱਚ ਫਿਰਦੇ ਹੋਈਏ। ਸਰਕਾਰ ਵੱਲੋਂ ਬਰਫ਼ ਬਾਰੀ ਦੇ ਮੌਸਮ ਵਿੱਚ ਸੜਕਾਂ 'ਤੇ ਬੱਜਰੀ ਪਾਈ ਜਾਂਦੀ ਹੈ। ਇਸ ਨਾਲ ਤਿਲਕਣ ਤੋਂ ਬਚਾਅ ਹੁੰਦਾ ਹੈ। ਆਪਣੇ ਘਰਾਂ ਅੱਗੇ ਲੋਕ ਆਪ ਬੱਜਰੀ ਪਾਉਂਦੇ ਹਨ ਤੇ ਬੱਜਰੀ ਦੇ ਥੈਲੇ ਹਮੇਸ਼ਾਂ ਘਰ ਦੇ ਮੁੱਖ ਦਰਵਾਜ਼ੇ ਕੋਲ ਜਮ੍ਹਾਂ ਰੱਖਦੇ ਹਨ। ਕਈ ਵਾਰ ਬੱਜਰੀ ਦੀ ਥਾਂ ਲੂਣ ਵੀ ਪਾਇਆ ਜਾਂਦਾ ਹੈ ਪਰ ਲੂਣ ਦੀ ਵਰਤੋਂ ਬਹੁਤ ਘੱਟ ਕੀਤੀ ਜਾਂਦੀ ਹੈ ਕਿਉਂਕਿ ਲੂਣ ਨੂੰ ਇਹ ਜ਼ਮੀਨ ਲਈ ਚੰਗਾ ਨਹੀਂ ਸਮਝਦੇ। ਜਨਵਰੀ ਵਿੱਚ ਕਈ ਵਾਰ ਐਨੀ ਠੰਢ ਹੁੰਦੀ ਹੈ ਕਿ ਜੇ ਉਬਲਦਾ ਪਾਣੀ ਬਾਹਰ ਸੁੱਟਿਆ ਜਾਵੇ ਤਾਂ ਉਹ ਜੰਮ ਕੇ ਬਰਫ਼ ਬਣ ਜਾਂਦਾ ਹੈ।

ਬਾਹਰ ਖੜ੍ਹੀਆਂ ਗੱਡੀਆਂ 'ਤੇ ਬਰਫ਼ ਜੰਮ ਜਾਂਦੀ ਹੈ। ਇਸ ਬਰਫ਼ ਨੂੰ ਉਤਾਰਨ ਲਈ ਵੱਖ-ਵੱਖ ਤਰ੍ਹਾਂ ਦੇ ਔਜ਼ਾਰ ਗੱਡੀਆਂ ਵਿੱਚ ਹੀ ਰੱਖੇ ਹੁੰਦੇ ਹਨ। ਤਾਜ਼ਾ ਪਈ ਰੂੰ ਜਿਹੀ ਬਰਫ਼ ਨੂੰ ਪਲਾਸਟਿਕ ਦੇ ਬੁਰਸ਼ ਨਾਲ ਝਾੜ ਦਿੱਤਾ ਜਾਂਦਾ ਹੈ। ਜੰਮੀ ਹੋਈ ਬਰਫ਼ ਨੂੰ ਪਲਾਸਟਿਕ ਦੀ ਤਿੱਖੀ ਬਲੇਡਨੁਮਾ ਪੱਤਰੀ ਜਿਹੀ ਨਾਲ ਖੁਰਚ ਕੇ ਉਤਾਰਿਆ ਜਾਂਦਾ ਹੈ। ਇੱਥੋਂ ਦੇ ਵਾਸੀ ਇਹ ਲੋੜੀਂਦਾ ਸਾਮਾਨ ਹਰ ਵੇਲੇ ਗੱਡੀ ਦੀ ਡਿੱਗੀ ਵਿੱਚ ਰੱਖਦੇ ਹਨ। ਕਾਰਾਂ-ਗੱਡੀਆਂ ਦੇ ਆਲੇ-ਦੁਆਲੇ ਪਈ ਬਰਫ਼ ਨੂੰ ਇਹ ਪਲਾਸਟਿਕ ਦੇ ਬੇਲਚੇ ਨਾਲ ਪਰ੍ਹੇ ਹਟਾ-ਹਟਾ ਕੇ ਰਸਤਾ ਬਣਾ ਕੇ ਗੱਡੀ ਕੱਢਦੇ ਹਨ। ਬਰਫ਼ ਬਾਰੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਬੱਸਾਂ, ਟਰੱਕਾਂ ਤੇ ਕਾਰਾਂ ਆਦਿ ਦੇ ਟਾਇਰ ਬਦਲੇ ਜਾਂਦੇ ਹਨ। ਇਹ ਟਾਇਰ ਵਿਸ਼ੇਸ਼ ਤਕਨੀਕ ਨਾਲ ਬਣੇ ਹੁੰਦੇ ਹਨ ਜੋ ਬਰਫ਼ 'ਤੇ ਸਲਿੱਪ ਨਹੀਂ ਕਰਦੇ। ਜੇ ਕਿਸੇ ਵਾਹਨ ਦੇ ਟਾਇਰ ਨਾ ਬਦਲੇ ਹੋਣ ਤਾਂ ਸਬੰਧਿਤ ਵਿਅਕਤੀ ਨੂੰ ਜੁਰਮਾਨਾ ਕੀਤਾ ਜਾਂਦਾ ਹੈ ਤੇ ਗੱਡੀ ਦਾ ਕੋਈ ਨੁਕਸਾਨ ਹੋ ਜਾਵੇ ਤਾਂ ਕਲੇਮ ਵੀ ਨਹੀਂ ਮਿਲਦਾ। ਅਕਤੂਬਰ ਵਿੱਚ ਟਾਇਰ ਬਦਲੇ ਜਾਂਦੇ ਹਨ। ਇੱਕ ਹੋਰ ਵਿਸ਼ੇਸ਼ ਟਾਇਰ ਹੁੰਦੇ ਹਨ ਜਿਨ੍ਹਾਂ ਨੂੰ ਪਿੱਗ ਡੈੱਕ ਕਿਹਾ ਜਾਂਦਾ ਹੈ। ਇਨ੍ਹਾਂ ਵਿੱਚ ਨਟ-ਬੋਲਟ ਦੀ ਸ਼ਕਲ ਵਾਲੇ ਲੋਹੇ ਦੇ ਵਿਰਲੇ-ਵਿਰਲੇ ਕਿੱਲ ਜਿਹੇ ਲੱਗੇ ਹੁੰਦੇ ਹਨ। ਇਨ੍ਹਾਂ ਟਾਇਰਾਂ ਵਾਲੀ ਗੱਡੀ ਬਰਫ਼ ਵਿੱਚ ਬਹੁਤ ਸੁਰੱਖਿਅਤ ਹੁੰਦੀ ਹੈ। ਗੱਡੀ ਸਟਾਰਟ ਕਰਨ ਸਾਰ ਗੱਡੀ ਦੀਆਂ ਹੈੱਡ ਲਾਈਟਾਂ ਜਗ ਪੈਂਦੀਆਂ ਹਨ ਕਿਉਂਕਿ ਏਥੇ ਮੌਸਮ ਬੱਦਲਾਂ ਵਾਲਾ ਹੀ ਰਹਿੰਦਾ ਹੈ ਤੇ ਉਂਜ ਵੀ ਏਥੇ ਘੁਸਮੁਸਾ ਜਿਹਾ ਹੀ ਰਹਿੰਦਾ ਹੈ। ਇਸ ਲਈ ਵਾਰ-ਵਾਰ ਲਾਈਟਾਂ ਜਗਾਉਣ-ਬੁਝਾਉਣ ਦਾ ਕੰਮ ਹੀ ਨਿਪਟਾਇਆ ਹੋਇਆ ਹੈ। ਲੋਕਾਂ ਦੇ ਘਰ ਦੇ ਅਗਲੇ ਦਰਵਾਜ਼ੇ 'ਤੇ ਵੀ ਦਿਨ-ਰਾਤ ਲਾਈਟ ਜਗਦੀ ਹੀ ਰਹਿੰਦੀ ਹੈ ਤੇ ਅੰਦਰ ਵੀ ਅਕਸਰ ਦਿਨ-ਰਾਤ ਲਾਈਟਾਂ ਜਗਦੀਆਂ ਰਹਿੰਦੀਆਂ ਹਨ।

ਬਰਫ਼ਬਾਰੀ ਦੇ ਮੌਸਮ ਵਿੱਚ ਕਾਦਰ ਦੇ ਕੁਦਰਤੀ ਸੁੰਦਰਤਾ ਨਾਲ ਵਰੋਸਾਏ ਇਸ ਮੁਲਕ ਦੀ ਸੁੰਦਰਤਾ ਵਿੱਚ ਹੋਰ ਵੀ ਨਿਖਾਰ ਆ ਜਾਂਦਾ ਹੈ ਤੇ ਠੰਢ ਕਾਰਨ ਰੁੰਡ-ਮਰੁੰਡ ਹੋਏ ਰੁੱਖ-ਬੂਟਿਆਂ 'ਤੇ ਬਰਫ਼ ਦੇ ਫੁੱਲ ਇਉਂ ਟਹਿਕਦੇ ਹਨ ਜਿਵੇਂ ਚਿੱਟੀ-ਚਿੱਟੀ ਕਪਾਹ ਦੀਆਂ ਫੁੱਟੀਆਂ ਖਿੜ ਪੈਂਦੀਆਂ ਹਨ। ਪਹਾੜਾਂ ਦੀਆਂ ਢਲਾਣਾਂ ਵੀ ਕਪਾਹ ਦੇ ਖਿੜੇ ਖੇਤ ਜਾਪਦੇ ਹਨ।

# ਚੰਦ ਪੁਰਾਣੇ ਦਾ ਕਬੱਡੀ ਟੂਰਨਾਮੈਂਟ ਰਿਹਾ ਦਰਸ਼ਕਾਂ ਦੀ ਖਿੱਚ ਦਾ ਕੇਂਦਰ

## ਲੁਹਾਰਾ ਤੇ ਡਰੋਲੀ ਭਾਈ ਦੀਆਂ ਟੀਮਾਂ ਨੇ ਮਾਰੀਆਂ ਮੱਲਾਂ

## ਮਾਂ ਖੇਡ ਕਬੱਡੀ ਨੂੰ ਸਪੋਟ ਕਰਨਾ ਸਾਡਾ ਸਾਰਿਆਂ ਦਾ ਫ਼ਰਜ਼ - ਬਾਬਾ ਗੁਰਦੀਪ ਸਿੰਘ

ਬਾਘਾਪੁਰਾਣਾ - ਦੇਸ਼ਾਂ ਵਿਦੇਸ਼ਾਂ ਵਿਚ ਪ੍ਰਸਿੱਧ ਮਾਲਵੇ ਦਾ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਚੰਦ ਪੁਰਾਣਾ ਵਿਖੇ ਸਮੂੰਹ ਸੇਵਾਦਾਰਾਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕਬੱਡੀ ਲੀਗ ਦਾ ਨੌਵਾਂ ਟੂਰਨਾਮੈਂਟ ਗੁਰਦੁਆਰਾ ਸਾਹਿਬ ਦੀਆਂ ਨੇੜਲੀਆਂ ਗਰਾਊਂਡਾਂ ਵਿਚ ਮੁੱਖ ਸੇਵਾਦਾਰ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਜੀ ਦੇ ਪ੍ਰਬੰਧਾਂ ਹੇਠ ਸ਼ਾਨਦਾਰ ਤਰੀਕੇ ਨਾਲ ਹੋਇਆ। ਇਸ ਟੂਰਨਾਮੈਂਟ ਦਾ ਉਦਘਾਟਨ ਸੰਤ ਬਾਬਾ ਗੁਰਦੀਪ ਸਿੰਘ ਜੀ ਅਤੇ ਜਥੇਦਾਰ ਤੀਰਥ ਸਿੰਘ ਮਾਹਲਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਜਗਮੋਹਣ ਸਿੰਘ ਜੈ ਸਿੰਘ ਵਾਲਾ ਨੇ ਕੀਤਾ। ਇਸ ਮੌਕੇ ਜਥੇਦਾਰ ਮਾਹਲਾ ਸਾਹਿਬ ਨੇ ਕਿਹਾ ਕਿ ਸੰਤ ਬਾਬਾ ਗੁਰਦੀਪ ਸਿੰਘ ਜੀ ਜਿੱਥੇ ਸਮਾਜ ਭਲਾਈ ਦੇ ਕੰਮ ਇਸ ਇਲਾਕੇ ਵਿਚ ਅੱਗੇ ਹੋ ਕੇ ਕਰ ਰਹੇ ਹਨ ਉਥੇ ਖੇਡਾਂ ਵਾਲੇ ਪਾਸੇ ਵੀ ਇਹ ਅਸਥਾਨ ਟੂਰਨਾਮੈਂਟ ਕਰਵਾ ਕੇ ਇਕ ਵੱਖਰੀ ਪਛਾਣ ਪੈਦਾ ਕਰਦਾ ਅਤੇ ਖਿਡਾਰੀਆਂ ਨੂੰ ਚੰਗੀ ਸੇਧ ਹੈ। ਇਸ ਟੂਰਨਾਮੈਂਟ ਵਿਚ 16 ਆਲ ਉਪਨ ਦੀਆਂ ਟੀਮਾਂ ਦੇ ਖਿਡਾਰੀਆਂ ਨੇ ਚੰਗੀ ਖੇਡ ਖੇਡ ਕੇ ਦਰਸ਼ਕਾਂ ਦਾ ਮਨ ਮੋਹਿਆ। ਇਸ ਮੌਕੇ ਪ੍ਰਸਿੱਧ ਅੰਤਰਰਾਸ਼ਟਰੀ ਕੋਚ ਸ. ਮੱਖਣ ਸਿੰਘ ਡੀ.ਪੀ. ਚੜਿੱਕ ਜੋ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਇਸ ਲੀਗ ਦਾ ਪ੍ਰਬੰਧ ਕਰਨ ਵਾਲੇ ਪ੍ਰਬੰਧਕਾਂ ਦੀ ਖ਼ੂਬ ਪ੍ਰਸੰਸ਼ਾ ਕੀਤੀ ਅਤੇ ਬਾਬਾ ਜੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਇਲਾਕੇ ਵਿਚ ਕੇਵਲ ਇਹ ਅਸਥਾਨ ਹੀ ਕਬੱਡੀ ਨੂੰ ਪ੍ਰਫੁੱਲਤ ਕਰਨ ਵਿਚ ਸਾਡਾ ਸਾਥ ਦਿੰਦਾ ਹੈ ਅਤੇ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਜਿਨ੍ਹਾਂ ਨੇ ਖਿਡਾਰੀਆਂ ਨੂੰ ਵੱਡੇ-ਵੱਡੇ ਇਨਾਮਾਂ ਨਾਲ ਨਿਵਾਜਿਆ ਅਤੇ ਅੱਜ ਸੰਤ ਬਾਬਾ ਗੁਰਦੀਪ ਸਿੰਘ ਜੀ ਸਾਡਾ ਪੂਰਾ ਸਾਥ ਦੇ ਕੇ ਮਾਂ ਖੇਡ ਕਬੱਡੀ ਦਾ ਮਾਣ ਵਧਾ ਰਹੇ ਹਨ। ਇਸ ਮੌਕੇ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਜਿਥੇ ਸਾਰਿਆਂ ਦਾ ਧੰਨਵਾਦ ਕੀਤਾ ਉਥੇ ਸਾਰੇ ਖਿਡਾਰੀਆਂ ਅਤੇ ਦਰਸ਼ਕਾਂ ਵਾਸਤੇ ਪ੍ਰਸ਼ਾਦੇ ਦਾ ਲੰਗਰ, ਚਾਹ ਪਕੌੜਿਆਂ ਦਾ ਲੰਗਰ ਅਤੇ ਕਈ ਪ੍ਰਕਾਰ ਦੇ ਜੂਸਾਂ ਦਾ ਲੰਗਰ ਲਾ ਕੇ ਇਕ ਵੱਖਰੀ ਮਿਸਾਲ ਪੈਦਾ ਕੀਤੀ ਅਤੇ ਲੀਗ ਦੇ ਸਾਰੇ ਪ੍ਰਬੰਧਕਾਂ ਨੇ ਬਾਬਾ ਜੀ ਦਾ ਵਿਸ਼ੇਸ਼ ਧੰਨਵਾਦ ਕੀਤਾ ਤੇ ਬਾਬਾ ਜੀ ਦੇ ਕੀਤੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ।

ਇਸ ਟੂਰਨਾਮੈਂਟ ਵਿਚ ਪਹਿਲੇ ਅਸਥਾਨ ਤੇ ਲੋਹਾਰਾ ਦੀ ਟੀਮ ਅਤੇ ਜਾਫੀ ਬਿਸ਼ਨ ਅਮਨ ਲੁਹਾਰਾ ਵਜੋਂ ਚੁਣੇ ਗਏ ਅਤੇ 5100 ਦੇ ਇਨਾਮਾਂ ਨਾਲ ਰੇਡਰਾਂ ਦਾ ਸਨਮਾਨ ਕੀਤਾ। ਇਹਨਾਂ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਕੀਤੀ। ਇਨਾਮਾਂ ਦੀ ਵੰਡ ਸਮੇਂ ਬਾਬਾ ਜੀ ਨੇ ਕਿਹਾ ਕਿ ਸਾਡੀ ਮਾਂ ਖੇਡ ਕਬੱਡੀ ਜੋ ਪਿਛਲੇ ਸਮੇਂ ਤੋਂ ਕੋਵਿਡ ਦੀ ਬਿਮਾਰੀ ਕਾਰਨ ਘੱਟਦੀ ਜਾ ਰਹੀ ਸੀ ਇਸ ਖੇਡ ਨੂੰ ਜੀਂਦਾ ਰੱਖਣ ਵਾਸਤੇ ਸਾਡੇ



ਲੀਗ ਦੇ ਟੂਰਨਾਮੈਂਟ ਕਰਕੇ ਬਹੁਤ ਹੀ ਵਧੀਆ ਉਪਰਾਲਾ ਕੀਤਾ ਹੈ। ਸਾਡੇ ਪ੍ਰਸਿੱਧ ਕਾਮੈਂਟਰ ਅਮਨ ਲੋਪੋ, ਸੁਖਰਾਜ ਰੋਡੇ, ਗੁਰਜੀਤ ਲੰਗੇਆਣਾ, ਗੋਪੀ ਧੂੜਕੋਟ, ਤਾਰ ਲੰਡੇ, ਬਗੀਚਾ ਇੰਦਗੜ੍ਹ, ਤੇਜੀ ਰਾਮੂਵਾਲਾ, ਗੀਤਾ ਸ਼ੇਰਪੁਰ ਜੋ ਲੀਗ ਨੂੰ ਵਧੀਆ ਤਰੀਕੇ ਨਾਲ ਚਲਾ ਰਹੇ ਹਨ ਅਤੇ ਇਸ ਅਸਥਾਨ ਵੱਲੋਂ ਹਮੇਸ਼ਾ ਹੀ ਖਿਡਾਰੀਆਂ ਕਾਮੈਂਟਰਾਂ ਦਾ ਸਨਮਾਨ ਕੀਤਾ ਜਾਂਦਾ ਹੈ ਅਤੇ ਮਾਂ ਖੇਡ ਕਬੱਡੀ ਨੂੰ ਅੱਗੇ ਲਿਜਾਣ ਵਾਸਤੇ ਟੂਰਨਾਮੈਂਟ ਕਰਵਾਏ ਜਾਂਦੇ ਹਨ। ਇਸ ਮੌਕੇ ਚੰਦ ਪੁਰਾਣਾ ਦੇ ਸਰਪੰਚ ਹਰਬੰਸ ਸਿੰਘ, ਕਾਕਾ ਬਰਾੜ ਪ੍ਰਧਾਨ ਸਰਕਲ ਬਾਘਾਪੁਰਾਣਾ, ਜਗਤਾਰ ਸਿੰਘ ਚੰਦ ਪੁਰਾਣਾ, ਬਲਜੀਤ ਚੰਦ ਨਵਾਂ, ਨਿੱਕਾ ਸਿੰਘ, ਜੀਤਾ ਜਨੇਰ ਨੰਬਰਦਾਰ, ਰਾਜੂ ਸਿੰਘ, ਨਿਰਮਲ ਸਿੰਘ ਡੋਗਰੀਵਾਲਾ, ਬਿੱਲੂ ਸਿੰਘ, ਚਮਕੌਰ ਸਿੰਘ ਚੰਦ ਪੁਰਾਣਾ, ਮੇਜਰ ਸਿੰਘ ਗਿੱਲ, ਸੁੱਖਾ ਸਿੰਘ ਮੋਗਾ, ਬਿੰਦਰ ਸਿੰਘ ਬੀੜ ਵਾਲੇ, ਕਿਸਾਨ ਯੂਨੀਅਨ ਕਾਕੀਆ ਪ੍ਰਧਾਨ ਸੁਖਮੰਦਰ ਸਿੰਘ ਡੇਮਰੂ, ਪ੍ਰਮਿੰਦਰ ਸਿੰਘ ਮੋੜ ਅਕਾਲੀ ਆਗੂ ਅਤੇ ਜ਼ਿਲ੍ਹਾ ਪਲੈਨਿੰਗ ਬੋਰਡ ਦੇ ਚੇਅਰਮੈਨ ਇੰਦਰਜੀਤ ਸਿੰਘ ਬੀੜ ਚੜਿੱਕ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਅਤੇ ਟੂਰਨਾਮੈਂਟ ਦਾ ਦਰਸ਼ਕਾਂ ਨੇ ਭਰਪੂਰ ਆਨੰਦ ਮਾਣਿਆ।

Scanned with CamScanner






# ਪੰਜਾਬੀ ਨਾਟਕ 'ਸਹੀ ਫ਼ੈਸਲਾ' ਦਾ ਸ਼ਡਿਊਲ ਪੂਰੀ ਤਰ੍ਹਾਂ ਤਿਆਰ, ਸ਼ੂਟਿੰਗ ਜਲਦੀ ਸ਼ੁਰੂ

'ਮਹਿਕ ਵਤਨ ਦੀ ਲਾਈਵ' ਪ੍ਰੋਡਕਸ਼ਨ ਵੱਲੋਂ ਬਣ ਰਹੇ ਚੌਥੇ ਪੰਜਾਬੀ ਨਾਟਕ 'ਸਹੀ ਫੈਸਲਾ' ਦਾ ਸਡਿਊਲ ਤਿਆਰ ਹੋ ਗਿਆ ਹੈ, ਇਸ ਦੀ ਸ਼ੂਟਿੰਗ ਜਲਦੀ ਹੀ ਸ਼ੁਰੂ ਕੀਤੀ ਜਾਂ ਰਹੀ ਹੈ।

ਚਾਰਾਂ ਸਡਿਊਲਾਂ ਵਿੱਚ ਇਸ ਦੀ ਸ਼ੂਟਿੰਗ ਮੁਕੰਮਲ ਹੋਵੇਗੀ। ਇਸ ਨਾਟਕ ਦੀ ਸਕਰਿਪਟ 'ਮਹਿਕ ਵਤਨ ਦੀ ਲਾਈਵ' ਦੇ ਆਨਰੇਰੀ ਗੈਸਟ ਹਾਊਸ ਵਿਖੇ ਰਿਲੀਜ਼ ਕੀਤੀ ਗਈ।

ਇਸ ਨਾਟਕ ਦੀ ਸ਼ੂਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਚੀਫ ਡਾਇਰੈਕਟਰ ਭਵਨਦੀਪ ਸਿੰਘ ਪੁਰਬਾ [ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ] ਨੇ ਦੱਸਿਆ ਕਿ ਕੋਰੋਨਾ ਕਾਰਨ ਪ੍ਰਸ਼ਾਸਨ ਦੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਕੱਠ ਨਹੀਂ ਕੀਤਾ ਜਾਵੇਗਾ। ਸਿਰਫ 3 ਜਾਂ 4 ਵਿਅਕਤੀ ਹੀ ਜਿਨ੍ਹਾਂ ਦੇ ਸੀਨ ਫਿਲਮਾਉਣੇ ਹਨ ਸਿਰਫ ਉਹਨਾਂ ਨੂੰ ਹੀ ਬੁਲਾਇਆ ਜਾਵੇਗਾ ਅਤੇ ਸ਼ੂਟਿੰਗ ਜ਼ਿਆਦਾਤਰ ਇਨਡੋਰ ਹੋਵੇਗੀ, ਆਊਟਡੋਰ ਸੀਨ ਖੁਲ੍ਹੀ ਤੇ ਇਕਾਂਤ ਜਗ੍ਹਾ ਤੇ ਫਿਲਮਾਏ ਜਾਣਗੇ ਤਾਂ ਜੋ ਬਿਲਕੁੱਲ ਵੀ ਇਕੱਠ ਨਾ ਹੋਵੇ।

ਪੰਜਾਬੀ ਨਾਟਕ 'ਸਹੀ ਫੈਸਲਾ' ਦੀ ਸ਼ੂਟਿੰਗ ਸਬੰਧੀ ਹੋਈ ਇੱਕ ਖਾਸ ਇਕਾਗਰਤਾ ਵਿੱਚ ਡਾਇਰੈਕਟਰ ਭਵਨਦੀਪ ਸਿੰਘ ਪੁਰਬਾ, ਨਿਰਮਾਤਾ ਭਾਗਵੰਤੀ ਪੁਰਬਾ, ਸੁਖਦੇਵ ਸਿੰਘ ਬਰਾੜ [ਰਿਟਾ. ਡੀ.ਐਸ.ਪੀ.], ਏਕਮਜੋਤ ਸਿੰਘ ਪੁਰਬਾ, ਬੇਬੀ ਉਮੰਗਦੀਪ ਕੌਰ ਪੁਰਬਾ, ਮਨਮੋਹਨ ਸਿੰਘ ਚੀਮਾਂ, ਹਰਕੀਰਤ ਬੇਦੀ, ਮੈਡਮ ਨਰਜੀਤ ਕੌਰ, ਇਕਬਾਲ ਸਿੰਘ ਖੋਸਾ [ਸਾਬਕਾ ਬਲਾਕ ਸੰਮਤੀ ਮੈਂਬਰ] ਆਦਿ ਮੁੱਖ ਤੌਰ ਤੇ ਹਾਜ਼ਰ ਹੋਏ।




## ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕਰੇਗੀ

# ਰਵਲੀਨ ਰੂਪ



ਪੰਜਾਬੀ ਫ਼ਿਲਮਾਂ, ਨਾਟਕਾਂ ਜ਼ਰੀਏ ਹਰ ਦਿਨ ਨਵੇਂ-ਨਵੇਂ ਚਿਹਰੇ ਅੱਗੇ ਆ ਰਹੇ ਹਨ ਜੋ ਆਪਣਾ ਉੱਚਾ ਨਾਂ ਬਣਾਉਣ ਲਈ ਦਿਨ ਰਾਤ ਮਿਹਨਤ ਕਰਦੇ ਹਨ। ਅਜਿਹੇ ਲੋਕਾਂ 'ਚੋਂ ਇੱਕ ਨਾਂ ਹੈ ਰਵਲੀਨ ਰੂਪ ਜੋ ਫ਼ਿਲਮਾਂ ਵਿੱਚ ਕੰਮ ਕਰਦੀ ਹੈ ਤੇ ਗਾਇਕ ਨਿੰਜਾ ਨਾਲ ਆ ਰਹੀ ਫ਼ਿਲਮ 'ਰੱਬਾ ਮੈਨੂੰ ਮਾਫ਼ ਕਰੀਂ' ਵਿਚ ਨਜ਼ਰ ਆਵੇਗੀ। ਇਹ ਫ਼ਿਲਮ ਉਸਦੀ ਪਹਿਲੀ ਫਿਲਮ ਹੈ ਜਿਸਦੀ ਸ਼ੂਟਿੰਗ ਲੰਡਨ ਵਿਖੇ ਕੀਤੀ ਗਈ ਹੈ। ਇਸ ਫ਼ਿਲਮ ਤੋਂ ਰਵਲੀਨ ਨੂੰ ਬਹੁਤ ਆਸਾਂ ਹਨ। ਉਸਨੂੰ ਉਮੀਦ ਹੈ ਕਿ ਇਹ ਫ਼ਿਲਮ ਉਸਦੀ ਜ਼ਿੰਦਗੀ ਬਦਲ ਦੇਵੇਗੀ।

ਚੰਡੀਗੜ੍ਹ ਦੀ ਜੰਮਪਲ ਰਵਲੀਨ ਦਾ ਕਹਿਣਾ ਹੈ ਕਿ ਉਹ ਪੰਜਾਬੀ ਫ਼ਿਲਮਾਂ ਦੇ ਇਲਾਵਾ ਬਾਲੀਵੁੱਡ ਤੇ ਹਾਲੀਵੁੱਡ ਫ਼ਿਲਮਾਂ ਤੱਕ ਜਾਣ ਦੀ ਵੀ ਇਛੁੱਕ ਹੈ, ਜਿਸ ਲਈ ਉਹ ਕਾਫ਼ੀ ਸਮੇਂ ਤੋਂ ਸੰਘਰਸ਼ ਕਰ ਰਹੀ ਹੈ। ਉਸਨੇ ਦੱਸਿਆ ਕਿ ਉਸਨੇ ਇੱਕ ਬਾਲੀਵੁੱਡ ਫ਼ਿਲਮ 'ਸੰਗੀਨ' ਵੀ ਸ਼ਾਈਨ ਕੀਤੀ ਹੈ ਜਿਸ ਲਈ ਉਹ ਵੱਖਰੇ ਤੌਰ ਤੇ ਟਰੇਨਿੰਗ ਲੈ ਰਹੀ ਹੈ। ਰਵਲੀਨ ਨੇ ਦੱਸਿਆ ਕਿ ਉਸਨੂੰ ਪੜ੍ਹਾਈ ਦੇ ਨਾਲ-ਨਾਲ ਨਾਟਕਾਂ 'ਚ ਕੰਮ ਕਰਨ ਦਾ ਸ਼ੌਂਕ ਸੀ ਜਿਸ ਨੇ ਉਸਨੂੰ ਫ਼ਿਲਮਾਂ ਵੱਲ ਆਉਣ ਦਾ ਰਾਹ ਵਿਖਾਇਆ। ਉਸਨੇ ਕਈ ਸਾਲ ਮਾਡਲਿੰਗ ਵੀ ਕੀਤੀ। ਵੱਡੇ ਵੱਡੇ ਬਰਾਂਡਾਂ ਲਈ ਕੰਮ ਵੀ ਕੀਤਾ ਪਰ ਉਸਨੂੰ ਫ਼ਿਲਮੀ ਪਰਦੇ 'ਤੇ ਆਉਣਾ ਹੀ ਵੱਡਾ ਸੁਪਨਾ ਸੀ ਜੋ ਇਸ ਫ਼ਿਲਮ ਰਾਹੀਂ ਪੂਰਾ ਹੋ ਰਿਹਾ ਹੈ।

ਇਲੈਕਟੀਕਲ ਇੰਜਨੀਅਰਿੰਗ ਵਿੱਚ ਮਾਸਟਰਜ਼ ਡਿਗਰੀ ਪ੍ਰਾਪਤ ਰਵਲੀਨ ਨੂੰ ਕਲਾ ਦੇ ਖੇਤਰ ਵਿੱਚ ਅੱਗੇ ਵਧਣ ਲਈ ਪਰਿਵਾਰ ਦਾ ਪੂਰਾ ਸਹਿਯੋਗ ਮਿਲਿਆ ਹੈ। ਉਸਨੂੰ ਆਸ ਹੈ ਕਿ ਹੁਣ ਦਰਸ਼ਕ ਵੀ ਉਸਨੂੰ ਆਪਣਾ ਪਿਆਰ ਦੇਣਗੇ ਤੇ ਬਹੁਤ ਜਲਦ ਉਹ ਆਪਣੀ ਕਲਾ ਸਦਕਾ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕਰੇਗੀ।

- ਹਰਜਿੰਦਰ ਸਿੰਘ ਜਵੰਦਾ, 94638-28000

# ਪੰਜਾਬ ਦੀ ਧਰਾਤਲ ਨਾਲ ਜੁੜੀ ਇੱਕ ਰੁਮਾਂਟਿਕ ਤੇ ਐਕਸ਼ਨ ਭਰਪੂਰ ਫ਼ਿਲਮ ਹੋਵੇਗੀ 'ਉੱਚਾ ਪਿੰਡ'



ਕਾਮੇਡੀ ਅਤੇ ਵਿਆਹ ਕਲਚਰ ਵਾਲੀਆਂ ਫ਼ਿਲਮਾਂ ਦੀ ਭੀੜ 'ਚੋਂ ਨਿਕਲਦਿਆਂ ਲਾਕਡਾਊਨ ਤੋਂ ਬਾਅਦ ਪੰਜਾਬੀ ਸਿਨੇਮੇ ਨੇ ਕਰਵੱਟ ਲਈ ਹੈ। 'ਉੱਚਾ ਪਿੰਡ' ਬਾਰੇ ਇੱਕ ਲੇਖ ਪਹਿਲਾਂ ਸਕੂਲ ਦੇ ਸਿਲੇਬਸ ਕਿਤਾਬਾਂ 'ਚ ਪੜ੍ਹਿਆ ਕਰਦੇ ਸੀ ਜਿਸ ਬਾਰੇ ਹੁਣ ਇੱਕ ਪੰਜਾਬੀ ਫ਼ਿਲਮ ਵੀ ਬਣ ਕੇ ਪੰਜਾਬੀ ਸਿਨਮਿਆਂ ਦਾ ਸ਼ਿੰਗਾਰ ਬਣਨ ਜਾ ਰਹੀ ਹੈ। ਇਸ ਫ਼ਿਲਮ ਦਾ ਪੋਸਟਰ ਬੀਤੇ ਦਿਨੀਂ ਰਿਲੀਜ਼ ਹੋਇਆ ਹੈ ਜਿਸ ਤੋਂ ਕਿਸੇ ਪੁਸਤੈਨੀ ਹਵੇਲੀ ਅਤੇ ਉਸਦੇ ਨਾਲ ਜੁੜੇ ਖਾਨਦਾਨੀ ਪੀੜ੍ਹੀਆਂ ਦੀ ਸਾਂਝ ਨਜ਼ਰ ਆਉਂਦੀ ਹੈ। ਹਰਜੀਤ ਰਿੱਕੀ ਦੁਆਰਾ ਡਾਇਰੈਕਟ ਕੀਤੀ ਇਹ ਫ਼ਿਲਮ ਐਕਸ਼ਨ, ਰੁਮਾਂਸ ਅਤੇ ਖਾਨਦਾਨੀ ਪ੍ਰੰਪਰਾਵਾਂ ਅਧਾਰਤ ਕਹਾਣੀ ਹੈ। ਫ਼ਿਲਮ ਵਿੱਚ ਨਵਦੀਪ ਕਲੇਰ ਅਤੇ ਪੂਨਮ ਸੂਦ ਨੇ ਮੁੱਖ ਭੂਮਿਕਾ ਨਿਭਾਈ ਹੈ ਜਦਕਿ ਸਰਦਾਰ ਸੋਹੀ, ਹੌਬੀ ਧਾਲੀਵਾਲ, ਆਸੀਸ ਦੁੱਗਲ, ਮੁਕਲ ਦੇਵ, ਲੱਖਾ ਲਹਿਰੀ, ਸੰਜੂ ਸੋਲੰਕੀ, ਸਵਿੰਦਰ ਵਿੱਕੀ ਵਰਗੇ ਦਿੱਗਜ਼ ਕਲਾਕਾਰ ਵੀ ਆਪਣੇ ਜਬਰਦਸ਼ਤ ਕਿਰਦਾਰਾਂ 'ਚ ਨਜ਼ਰ ਆਉਣਗੇ।

ਨਿਊ ਦੀਪ ਇੰਟਰਟੈਂਨਮੈਂਟ ਅਤੇ 2 ਆਰ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਨਿਰਮਾਤਾ ਸੰਨੀ ਢਿਲੋਂ ਤੇ ਹਰਦੀਪ ਸਿੰਘ ਡਿੰਪੀ ਢਿਲੋਂ ਦੀ ਇਹ ਫ਼ਿਲਮ 'ਉੱਚਾ ਪਿੰਡ' ਅਜੋਕੇ ਪੰਜਾਬੀ ਸਿਨਮੇ ਤੋਂ ਹਟਕੇ ਰੁਮਾਂਟਿਕ ਤੇ ਐਕਸ਼ਨ ਭਰਪੂਰ ਨਿਵੇਕਲੇ ਵਿਸ਼ੇ ਦੀ ਫ਼ਿਲਮ ਹੈ ਜਿਸ ਵਿੱਚ ਪੰਜਾਬੀ ਥੀਏਟਰ ਅਤੇ ਫ਼ਿਲਮਾਂ ਨਾਲ ਚਿਰਾਂ ਤੋਂ ਜੁੜਿਆ ਅਦਾਕਾਰ 'ਨਵਦੀਪ ਕਲੇਰ ਅਤੇ ਚਰਚਿਤ ਖ਼ੂਬਸੂਰਤ ਅਦਾਕਾਰਾ ਪੂਨਮ ਸੂਦ' ਮੁੱਖ ਭੂਮਿਕਾਵਾਂ 'ਚ ਨਜ਼ਰ ਆਉਣਗੇ। ਧੂਰੀ ਸ਼ਹਿਰ ਦਾ ਜੰਮਪਲ ਨਵਦੀਪ ਕਲੇਰ ਥੀਏਟਰ ਦਾ ਪਰਪੱਕ ਕਲਾਕਾਰ ਹੈ ਜਿਸਨੇ ਰੁਪਿੰਦਰ ਗਾਂਧੀ ਗੈਂਗਸਟਰ, ਰੁਪਿੰਦਰ ਗਾਂਧੀ ਰੋਬਿਨਹੁਡ, ਸਰਦਾਰ ਮੁਹੰਮਦ, ਸਿਕੰਦਰ 2, ਪ੍ਰਾਹੁਣਾ, ਪੱਤਾ- ਪੱਤਾ ਸਿੰਘਾਂ ਦਾ ਵੈਰੀ, ਇਕੋ ਮਿੱਕੇ ਤੇ ਬਾਲੀਵੁੱਡ ਫ਼ਿਲਮ 'ਗੋਲਡ' ਵਰਗੀਆਂ ਫ਼ਿਲਮਾਂ 'ਚ ਯਾਦਗਰੀ ਕਿਰਦਾਰ ਨਿਭਾਅ ਕੇ ਦਰਸ਼ਕਾਂ ਦੇ ਦਿਲਾਂ 'ਚ ਖ਼ਾਸ ਥਾਂ ਬਣਾਈ। ਪਹਿਲੀ ਵਾਰੀ ਨਾਇਕ ਦੀ ਭੂਮਿਕਾ ਪ੍ਰਤੀ ਆਪਣੀਆਂ ਭਾਵਨਾਵਾਂ ਸਾਂਝੀਆਂ ਕਰਦੇ ਉਸਨੇ ਕਿਹਾ ਕਿ, "ਮੈਂ ਜ਼ਿੰਦਗੀ 'ਚ ਕੁਝ ਪਾਉਣ ਲਈ ਹਮੇਸ਼ਾ ਹੀ ਸਖ਼ਤ ਮਿਹਨਤ ਅਤੇ ਲਗਨ ਦਾ ਪੱਲਾ ਫੜਿਆ ਹੈ। ਕਿਸੇ ਵੀ ਕਿਰਦਾਰ ਨੂੰ ਨਿਭਾਉਂਦਿਆਂ ਉਸਦੇ ਧੁਰ ਅੰਦਰ ਤੱਕ ਉਤਰ ਜਾਣਾ ਹੀ ਮੇਰਾ ਸੁਭਾਓ ਹੈ। ਜਦ ਇਹ ਫ਼ਿਲਮ ਮਿਲੀ ਤਾਂ ਆਪਣੇ ਕਿਰਦਾਰ ਨੂੰ ਪੜ੍ਹਦਿਆਂ ਮਹਿਸੂਸ ਹੋਇਆ ਕਿ ਇਹ ਮੇਰੇ ਲਈ ਹੀ ਖ਼ਾਸ ਹੈ, ਜਿਸਨੂੰ ਮੈਂ ਮਾਨਸਿਕ ਅਤੇ ਸਰੀਰਕ ਤੌਰ 'ਤੇ ਪ੍ਰਵਾਨ ਕਰਕੇ ਬੇਹਤਰੀਨ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਮੈਨੂੰ ਯਕੀਨ ਹੈ ਕਿ ਦਰਸ਼ਕ ਮੇਰੇ ਕਿਰਦਾਰ ਨੂੰ ਜ਼ਰੂਰ ਪਸੰਦ ਕਰਨਗੇ"।

ਫ਼ਿਲਮ ਦੀ ਨਾਇਕਾ ਪੂਨਮ ਸੂਦ ਬਾਰੇ ਕਹਿ ਸਕਦੇ ਹਾਂ ਕਿ 'ਮੇਰੇ ਯਾਰ ਕਮੀਨੇ, ਅੱਜ ਦੇ ਲਫੰਗੇ, ਮੁੰਡਾ ਫਰੀਦਕੋਟੀਆ, ਯਾਰ ਅਣਮੁਲੇ 2, ਆਦਿ ਫ਼ਿਲਮਾਂ ਵਿੱਚ ਕੰਮ ਕਰਕੇ ਵੱਖਰੀ ਪਛਾਣ ਸਥਾਪਤ ਕਰਨ ਵਾਲੀ ਪੂਨਮ ਸੂਦ ਆਪਣੀ ਹਰਜੀਤ ਰਿੱਕੀ ਦੀ ਡਾਇਰੈਕਟ ਕੀਤੀ ਲਘੂ ਫ਼ਿਲਮ 'ਵੰਡ' ਨਾਲ ਉਹ ਪਹਿਲੀ ਵਾਰ ਚਰਚਾ ਵਿੱਚ ਆਈ ਸੀ। ਹੁਣ ਇਸ ਨਵੀਂ ਫ਼ਿਲਮ ਨਾਲ ਹੀਰੋਇਨ ਬਣ ਕੇ ਸਾਰੀ ਫ਼ਿਲਮ ਦਾ ਬੋਝ ਆਪਣੇ ਮੋਢਿਆਂ 'ਤੇ ਚੁੱਕਣਾ ਸੱਚਮੁਚ ਬਹੁਤ ਦਲੇਰੀ ਭਰਿਆ ਕਦਮ ਹੈ। ਇਸ ਫ਼ਿਲਮ ਤੋਂ ਪੂਨਮ ਨੂੰ ਬਹੁਤ ਆਸਾਂ ਹਨ। ਉਸਦਾ ਕਿਰਦਾਰ ਇਕ ਦਲੇਰ ਕੁੜੀ ਨਿੰਮੋ ਦਾ ਹੈ ਫ਼ਿਲਮ ਦੇ ਨਾਇਕ ਨਾਲ ਔਖੇ ਵਕਤ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਦੀ ਹੈ। ਇਸ ਨਵੀਂ ਫ਼ਿਲਮ ਵਿੱਚ ਬਤੌਰ ਨਾਇਕਾ ਕੰਮ ਕਰਕੇ ਉਹ ਬਹੁਤ ਖੁਸ਼ ਹੈ। ਯਕੀਨਣ ਦਰਸ਼ਕ ਉਸਨੂੰ ਪਸੰਦ ਕਰਨਗੇ।

ਸਤੰਬਰ ਨੂੰ ਰਿਲੀਜ਼ ਹੋ ਰਹੀ ਇਸ ਫ਼ਿਲਮ ਦੇ ਨਿਰਦੇਸ਼ਕ ਹਰਜੀਤ ਰਿੱਕੀ ਨੇ ਦੱਸਿਆ ਕਿ ਇਹ ਫ਼ਿਲਮ ਰੁਮਾਂਸ ਅਤੇ ਐਕਸ਼ਨ ਭਰਪੂਰ ਫ਼ਿਲਮ ਹੈ ਜੋ ਦਰਸ਼ਕਾਂ ਨੂੰ ਨਵਾਂ ਟੇਸਟ ਦੇਵੇਗੀ। ਫ਼ਿਲਮ ਦਾ ਗੀਤ ਸੰਗੀਤ ਵੀ ਬਹੁਤ ਵਧੀਆ ਤੇ ਮਨਮੋਹਣਾ ਹੈ, ਜੋ ਜਾਨੀ ਤੇ ਬੀ ਪਰਾਕ ਨੇ ਤਿਆਰ ਕੀਤਾ ਹੈ। ਫ਼ਿਲਮ ਦੀ ਕਹਾਣੀ ਅਤੇ ਸਕਰੀਨ ਪਲੇਅ ਨਰਿੰਦਰ ਅੰਬਰਸਰੀਆ ਨੇ ਲਿਖਿਆ ਹੈ। ਪੰਜਾਬ ਦੀ ਧਰਾਤਲ ਨਾਲ ਜੁੜੀ ਇਹ ਫ਼ਿਲਮ ਹਰ ਵਰਗ ਦੇ ਦਰਸ਼ਕ ਨੂੰ ਪਸੰਦ ਆਵੇਗੀ।

ਹਰਜਿੰਦਰ ਜਵੰਦਾ 94638-28000

Scanned with CamScanner






# ...ਫਲਾਂ ਦਾ ਰਾਜਾ ਅੰਬ ਸਵਾਦ ਅਤੇ ਭਰਪੂਰ ਪੋਸ਼ਣ ਦਿੰਦਾ ਹੈ

ਗਰਮੀਆਂ ਆਪਣੇ ਪੂਰੇ ਤਾਪ, ਸੁੱਕੀਆਂ ਹਵਾਵਾਂ ਅਤੇ ਡੀਹਾਈਡ੍ਰੇਸ਼ਨ ਨਾਲ ਤੁਹਾਡੇ ਸਾਹਮਣੇ ਹਨ ਪਰ ਕੁਦਰਤ ਵੀ ਇਸ ਦਾ ਮੁਕਾਬਲਾ ਕਰਨ ਲਈ ਹੱਲ ਲੈ ਕੇ ਤੁਹਾਡੇ ਨਾਲ ਹੈ। ਗਰਮੀਆਂ ਦੇ ਫਲ ਇਸ ਮੌਸਮ 'ਚ ਸਾਡੇ ਸਰੀਰ ਨੂੰ ਭਰਪੂਰ ਪੋਸ਼ਣ ਦਿੰਦੇ ਹਨ।

ਅੰਬ ਨੂੰ ਫਲਾਂ ਦਾ ਰਾਜਾ ਕਿਹਾ ਜਾਂਦਾ ਹੈ ਅਤੇ ਇਸ 'ਚ ਬਹੁਤ ਸਾਰੇ ਪੋਸ਼ਕ ਗੁਣ ਮੌਜੂਦ ਹੁੰਦੇ ਹਨ। ਇਸ ਦੀਆਂ ਕਈ ਕਿਸਮਾਂ 'ਚੋਂ ਮਿੱਠੇ ਅਤੇ ਪੱਕੇ ਹੋਏ ਅੰਬ ਸਰੀਰ ਦੇ ਵਾਤ ਅਤੇ ਪਿੱਤ 'ਚ ਸੰਤੁਲਨ ਪੈਦਾ ਕਰਦੇ ਹਨ ਅਤੇ ਕੱਫ 'ਚ ਵਾਧਾ ਕਰਦੇ ਹਨ। ਇਹ ਸਰੀਰ ਦੇ ਤਿੰਨਾਂ ਦੋਸ਼ਾਂ 'ਚ ਸੰਤੁਲਨ ਵੀ ਪੈਦਾ ਕਰਦੇ ਹਨ ਅਤੇ ਸਰੀਰ ਨੂੰ ਊਰਜਾ ਦਿੰਦੇ ਹਨ। ਸਰੀਰ ਲਈ ਇਕ ਟੌਨਿਕ ਦੇ ਤੌਰ 'ਤੇ ਅੰਬ ਨੂੰ ਦਾਣੇਦਾਰ ਖਾਧਾਂ ਜਾਂ ਦੁੱਧ ਨਾਲ ਵੀ ਖਾਧਾ ਜਾ ਸਕਦਾ ਹੈ।

ਹਰੇ ਅਤੇ ਕੱਚੇ ਅੰਬ ਦੀ ਵਰਤੋਂ ਆਮ ਤੌਰ 'ਤੇ ਕੁਕਿੰਗ 'ਚ ਹੁੰਦੀ ਹੈ। ਕੱਚੇ ਅੰਬ ਨੂੰ ਕੱਦੂਕਸ ਕਰਕੇ ਤੁਸੀਂ ਦਾਲਾਂ ਅਤੇ ਸਬਜ਼ੀਆਂ 'ਚ ਇਸ ਦੀ ਵਰਤੋਂ ਕਰ ਸਕਦੇ ਹੋ ਜਾਂ ਫਿਰ ਇਨਾਂ ਨਾਲ ਚਟਣੀ ਅਤੇ ਅਚਾਰ ਵੀ ਬਣਾ ਸਕਦੇ ਹੋ। ਕੱਚਾ ਅੰਬ ਖੱਟੇਪਣ ਅਤੇ ਠੰਡੇਪਣ ਲਈ ਪ੍ਰਸਿੱਧ ਹੈ। ਕੱਚੇ ਅੰਬਾਂ ਦਾ ਸੇਵਨ ਵਧੇਰੇ ਮਾਤਰਾ 'ਚ ਨਾ ਕਰੋ ਕਿਉਂਕਿ ਇਹ ਪਿੱਤ ਸੰਬੰਧੀ ਦੋਸ਼ਾਂ ਨੂੰ ਵਧਾਉਂਦੇ ਹਨ। ਫਿਰ ਵੀ ਜੇਕਰ ਮਸਾਲਿਆਂ ਦੇ ਮਿਸ਼ਰਣ ਨਾਲ ਤਿਆਰ ਕੀਤੇ ਗਏ ਹੋਣ ਤਾਂ ਇਹ ਪਾਚਨ 'ਚ ਸਹਾਇਕ ਹੁੰਦੇ ਹਨ ਅਤੇ ਭੋਜਨ ਦੇ ਸਵਾਦ 'ਚ ਸੁਧਾਰ ਲਿਆਉਂਦੇ ਹਨ।

ਅੰਬ ਐਂਟੀ ਆਕਸੀਡੈਂਟ ਨਾਲ ਭਰਪੂਰ ਹੁੰਦੇ ਹਨ, ਜਿਵੇਂ ਬੀਟਾ ਕੈਰੋਟੀਨ ਅਤੇ ਵਿਟਾਮਿਨ 'ਸੀ', ਜੋ ਦਿਲ ਦੇ ਰੋਗਾਂ ਅਤੇ ਕੈਂਸਰ ਅਤੇ ਰੋਗਾਂ ਤੋਂ ਬਚਾਅ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਰੀਰ 'ਤੇ ਇਨਾਂ ਦਾ ਰਸਾਇਣਿਕ ਪ੍ਰਭਾਵ ਹੁੰਦਾ ਹੈ। ਫਿਰ ਵੀ ਕਿਉਂਕਿ ਇਨਾਂ 'ਚ ਸ਼ੂਗਰ ਦੀ ਮਾਤਰਾ ਵਧੇਰੇ ਹੁੰਦੀ ਹੈ, ਇਸ ਲਈ ਡਾਇਬਟੀਜ਼ ਵਾਲੇ ਲੋਕਾਂ ਅਤੇ ਭਾਰ ਘਟਾਉਣ ਦੇ ਚਾਹਵਾਨ ਲੋਕਾਂ ਨੂੰ ਇਨ੍ਹਾਂ ਦਾ ਸੇਵਨ ਸੀਮਤ ਮਾਤਰਾ 'ਚ ਹੀ ਕਰਨਾ ਚਾਹੀਦੈ। ਅੰਬ 'ਚ ਪੋਟਾਸ਼ੀਅਮ ਵੀ ਹੁੰਦੈ, ਜੋ ਸਾਡੀਆਂ ਕੋਸ਼ਿਕਾਵਾਂ, ਸੈੱਲਜ਼ ਅਤੇ ਅੰਗਾਂ ਦੀ ਸਹੀ ਕਾਰਜ ਪ੍ਰਣਾਲੀ ਲਈ ਜ਼ਰੂਰੀ ਖਣਿਜ ਹੈ, ਇਹ ਅਘੁਲਣਸ਼ੀਲ ਰੇਸ਼ੇ ਨਾਲ ਭਰਪੂਰ ਹੁੰਦਾ ਹੈ, ਜੋ ਕਬਜ਼ ਤੋਂ ਬਚਾਅ ਕਰਦਾ ਹੈ।

ਕੱਚਾ ਅੰਬ ਤਾਪ ਦੇ ਉਲਟ ਪ੍ਰਭਾਵਾਂ ਤੋਂ ਬਚਾਅ ਕਰਦਾ ਹੈ ਅਤੇ ਇਹ ਤਾਪ ਨਾਲ ਹੋਣ ਵਾਲੀ ਥਕਾਵਟ ਅਤੇ ਸਟ੍ਰੋਕ ਲਈ ਅਸਰਦਾਰ ਇਲਾਜ ਹੈ। ਇਹ ਬਦਹਜ਼ਮੀ ਅਤੇ ਐਸੀਡਿਟੀ ਵਰਗੀਆਂ ਪਾਚਨ ਸੰਬੰਧੀ ਸਮੱਸਿਆਵਾਂ ਦੇ ਇਲਾਜ 'ਚ ਵੀ ਲਾਭਦਾਇਕ ਹੁੰਦਾ ਹੈ। ਵਿਟਾਮਿਨ 'ਸੀ' ਦੀ ਕਮੀ ਕਾਰਨ ਪੈਦਾ ਹੋਣ ਵਾਲੀ ਰੋਗ ਪ੍ਰਤੀਰੋਧਕ ਸਮਰੱਥਾ ਦੀ ਕਮੀ ਅਤੇ ਚਮੜੀ ਦੀਆਂ ਸਮੱਸਿਆਵਾਂ ਦਾ ਮੁਕਾਬਲਾ ਕਰਨ ਲਈ ਕੱਚਾ ਅੰਬ ਖਾਓ।

# ਹਾਰ ਵਿਚ ਹੀ ਜਿੱਤ ਛੁਪੀ ਹੁੰਦੀ ਹੈ

ਹਾਰ ਹੀ ਮਨੁੱਖ ਨੂੰ ਕੰਮ ਕਰਨ ਦੇ ਨਵੇਂ ਢੰਗਾਂ ਅਤੇ ਨਵੀਆਂ ਵਿਉਂਤਾਂ ਬਾਰੇ ਸੋਚਣ ਲਾਉਂਦੀ ਹੈ ਕਿਉਂਕਿ ਜਿਸ ਕੰਮ ਨੂੰ ਕਰਨ ਵਿਚ ਉਹ ਅਸਫਲ ਰਹਿੰਦਾ ਹੈ ਉਸ ਲਈ ਹੋਰ ਮਿਹਨਤ ਕਰਨ ਦੀ ਤੀਬਰ ਇੱਛਾ ਪੈਦਾ ਹੁੰਦੀ ਹੈ। ਸਿਆਣਿਆ ਦਾ ਕਥਨ ਹੈ ਕਿ 'ਲੋੜ ਕਾਢ ਦੀ ਮਾਂ ਹੈ।' ਦੁਨੀਆਂ ਤੇ ਬਹੁਤ ਸਾਰੇ ਲੋਕ ਅਜਿਹੇ ਹਨ ਜਿਨ੍ਹਾਂ ਨੇ ਪੂਰਾ ਜੀਵਨ ਹਾਰਾਂ ਨਾਲ ਮੱਥਾ ਡਾਹਿਆ ਹੁੰਦਾ ਹੈ। ਅਜਿਹੇ ਵਿਅਕਤੀ ਤਜ਼ਰਬੇ ਵਿਚ ਉਨ੍ਹਾਂ ਲੋਕਾਂ ਤੋਂ ਵੱਧ ਮਾਹਿਰ ਅਤੇ ਸਿਆਣੇ ਹੁੰਦੇ ਹਨ ਜਿਨ੍ਹਾਂ ਨੂੰ ਜ਼ਿੰਦਗੀ ਵਿਚ ਹਾਰ ਦਾ ਮੂੰਹ ਤਾਂ ਵੇਖਣਾ ਪਿਆ ਹੋਵੇ ਪਰ ਉਨ੍ਹਾਂ ਨੇ ਆਪਣੀ ਹੋਰ ਵਧੇਰੇ ਮਿਹਨਤ ਦੇ ਬਲ ਨਾਲ ਉਸਨੂੰ ਜਿੱਤ ਵਿਚ ਤਬਦੀਲ ਕਰ ਦਿੱਤਾ ਹੋਵੇ।

ਡਿੱਗ ਜਾਣਾ ਹਾਰ ਨਹੀਂ ਮੰਨੀ ਜਾਂਦੀ ਸਗੋਂ ਡਿੱਗ ਕੇ ਉੱਠਣ ਤੋਂ ਇਨਕਾਰ ਕਰਨਾ ਹਾਰ ਹੁੰਦੀ ਹੈ। ਜ਼ਿੰਦਗੀ ਪ੍ਰਤੀ ਸਾਕਾਰ ਸੋਚ ਰੱਖਣ ਵਾਲੇ ਲੋਕ ਕਦੇ ਵੀ ਹਾਰ ਨੂੰ ਅੰਤਿਮ ਨਹੀਂ ਮੰਨਦੇ ਬਲਕਿ ਉਹ ਵਾਰ-ਵਾਰ ਅਸਫਲਤਾ ਤੋਂ ਮਗਰੋਂ ਵੀ ਸਫਲਤਾ ਲਈ ਜੁੱਟੇ ਰਹਿੰਦੇ ਹਨ। ਅਸਲੀ ਜੇਤੂ ਉਹ ਹੁੰਦਾ ਹੈ ਜਿਹੜਾ ਦੁਸ਼ਮਣੀ ਨੂੰ ਵੀ ਦੋਸਤੀ ਵਿਚ ਤਬਦੀਲ ਕਰ ਦਿੰਦਾ ਹੈ। ਕਿਹਾ ਜਾਂਦਾ ਹੈ ਕਿ ਜਿਹੜਾ ਜਿੱਤਣ ਲਈ ਹਿੰਮਤ ਕਰਦਾ ਹੈ ਖ਼ੁਦਾ ਵੀ ਉਸਦੀ ਮਦਦ ਕਰਦਾ ਹੈ।

ਜਿੱਤ ਪ੍ਰਾਪਤ ਕਰਨ ਲਈ ਮਨੁੱਖ ਸਦਾ ਆਪਣੇ ਕੰਮ ਪ੍ਰਤੀ ਵਫ਼ਾਦਾਰ ਰਹਿੰਦਾ ਹੈ। ਵਫ਼ਾਦਾਰੀ ਨਾਲ ਪ੍ਰਾਪਤ ਕੀਤੀ ਜਿੱਤ ਮਨੁੱਖ ਨੂੰ ਇਖ਼ਲਾਕੀ ਤੌਰ ਤੇ ਵੀ ਉੱਚਾ ਕਰਦੀ ਹੈ। ਉਸਦੀ ਰੂਹ ਨੂੰ ਵੀ ਸਕੂਨ ਦਿੰਦੀ ਹੈ। ਅਧਿਆਤਮਕ ਖੇਤਰ ਵਿਚ ਜਗਿਆਸੂ ਮਨ ਨੂੰ ਸਾਧ ਕੇ ਜਿੱਤ ਪ੍ਰਾਪਤ ਕਰਨ ਦੇ ਯਤਨਾਂ ਵਿਚ ਜੁਟੇ ਰਹਿੰਦੇ ਹਨ। ਵਾਰ-ਵਾਰ ਯਤਨ ਕਰਨ ਤੇ ਵੀ ਉਹ ਕਈ ਵਾਰ ਅਸਫ਼ਲ ਰਹਿੰਦੇ ਹਨ ਪਰ ਇੱਕ ਸੁਹਿਰਦ ਜਗਿਆਸੂ ਕਦੀ ਹਾਰ ਨਹੀਂ ਮੰਨਦਾ। ਸੰਜੀਦਾ ਬਣਾ ਹਾਰ ਨੂੰ ਜਿੱਤ ਵਿਚ ਬਦਲਣ ਲਈ ਉਕਸਾਉਂਦੀਆਂ ਹਨ।

ਹਾਰ ਕਦੀ ਵੀ ਅੰਤਿਮ ਹਾਰ ਨਹੀਂ ਹੁੰਦੀ ਬਲਕਿ ਜੇਕਰ ਹਾਰ ਹੋਵੇਗੀ ਤਾਂ ਹੀ ਜਿੱਤ ਦੀ ਜਗਿਆਸਾ ਜਾਗੇਗੀ। ਜਿੱਤ ਦੀ ਇੱਛਾ ਰੱਖਣ ਵਾਲੇ ਕਦੇ ਆਰਾਮ ਨਾਲ ਨਹੀ ਬਹਿੰਦੇ। ਜਦੋਂ ਤੱਕ ਜਿੱਤ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੋ ਜਾਂਦੀ ਉਹ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖਦੇ ਹਨ। ਜੋ ਲੋਕ ਹਾਰ ਤੋਂ ਡਰਦੇ ਹੋਣ ਉਹ ਜ਼ਿੰਦਗੀ ਵਿਚ ਵਧੇਰੇ ਤਜ਼ਰਬੇ ਨਹੀਂ ਕਰਦੇ। ਅਜਿਹੇ ਲੋਕ ਬੁਜ਼ਦਿਲਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਸਿਆਣੇ ਕਹਿੰਦੇ ਹਨ ਕਿ ਸੱਤ ਵਾਰੀ ਡਿਗੋ ਤੇ ਅੱਠ ਵਾਰੀ ਉੱਠੋ। ਹਿੰਮਤ ਨਾਲ ਹੀ ਹਾਰ ਨੂੰ ਜਿੱਤ ਵਿਚ ਬਦਲਿਆ ਜਾ ਸਕਦਾ ਹੈ।

- ਰਾਜਿੰਦਰ ਰਾਣੀ ਪਿੰਡ ਗੰਢੂਆਂ

# ਘਰ ਦੀ ਰਸੋਈ

ਪੇਸ਼ਕਸ: ਭਾਗਵੰਤੀ ਪੂਰਬਾ





## ਆਲੂ ਪੁਦੀਨਾ ਕੁਲਚਾ

ਸਮੱਗਰੀ :

400 ਗ੍ਰਾਮ ਉਬਲੇ ਆਲੂ, ਪੁਦੀਨੇ ਦੀਆਂ ਕੁਝ ਪੱਤੀਆਂ, ਪੰਜ ਗਰਾਮ ਪੁਦੀਨੇ ਦਾ ਸੁੱਕਾ ਪਾਊਡਰ, 5 ਹਰੀਆਂ ਮਿਰਚਾਂ, ਨਮਕ ਸਵਾਦ ਅਨੁਸਾਰ, ਅਦਰਕ ਦਾ ਇਕ ਟੁਕੜਾ, ਲੱਸਣ ਦੀਆਂ ਤੁਰੀਆਂ, ਸਵਾਦ ਅਨੁਸਾਰ ਚਾਟ ਮਸਾਲਾ, ਚੁਟਕੀ ਭਰ ਗਰਮ ਮਸਾਲਾ।

ਵਿਧੀ :

ਆਲੂਆਂ ਨੂੰ ਉਬਾਲ ਕੇ ਛਿੱਲ ਕੇ ਮਸਲ ਲਓ, ਇਸ ਵਿਚ ਅਦਰਕ, ਲੱਸਣ, ਹਰੀਆਂ ਮਿਰਚਾਂ ਅਤੇ ਪੁਦੀਨਾ ਪਾ ਦਿਓ। ਫਿਰ ਇਸ ਵਿਚ ਨਮਕ, ਚਾਟ ਮਸਾਲਾ ਅਤੇ ਗਰਮ ਮਸਾਲਾ ਪਾਓ। ਹੁਣ ਪਲੇਨ ਕੁਲਚੇ ਵਾਂਗ ਹੀ ਕੁਲਚਾ ਬਣਾ ਕੇ ਇਸ ਵਿਚ ਸਾਰੀ ਸਟੀਫਿੰਗ ਦੀ ਸਮੱਗਰੀ ਨੂੰ ਭਰ ਕੇ ਬੇਕ ਕਰ ਲਓ। ਇਸ ਨੂੰ ਹਰੀ ਚਟਨੀ ਦੇ ਨਾਲ ਸਰਵ ਕਰੋ।

## ਫਲਾਹਾਰੀ ਬਰਗਰ

ਸਮੱਗਰੀ :

1 ਕਟੋਰੀ ਸਿੰਘਾੜੇ ਦਾ ਆਟਾ, 4 ਉਬਲੇ ਆਲੂ, ਇਕ-ਇਕ ਟਮਾਟਰ ਤੇ ਖੀਰਾ, 1 ਸਲਾਈਸ ਪਨੀਰ, 2 ਚਮਚ, ਮੂੰਗਫਲੀ ਦੀ ਚਟਨੀ, 1 ਚਮਚ ਮੱਖਣ, 2 ਚਮਚ ਘੀ, ਨਮਕ ਸਵਾਦ ਅਨੁਸਾਰ, ਕਾਲੀ ਮਿਰਚ, ਹਰੀ ਮਿਰਚ ਅਤੇ ਧਨੀਆ ਲੋੜ ਅਨੁਸਾਰ।

ਵਿਧੀ :

ਪਸਿੰਘਾੜੇ ਦੇ ਆਟੇ ਨੂੰ ਉਬਾਲੇ ਹੋਏ ਆਲੂਆਂ ਨਾਲ ਗੁੰਨ ਲਓ। ਇਸ ਤੋਂ ਬਾਅਦ ਇਨਾਂ ਦੇ ਪੇੜੇ ਬਣਾ ਕੇ ਛੋਟੇ ਅਤੇ ਥੋੜੇ ਮੋਟੇ, ਗੋਲ ਪਰਾਉਂਠੇ ਬਣਾ ਲਓ। ਬਾਕੀ ਬਚੇ ਹੋਏ ਆਲੂਆਂ ਵਿਚ ਹਰੀ ਮਿਰਚ, ਹਰਾ ਧਨੀਆ, ਨਮਕ ਪਾ ਕੇ ਟਿਕੀ ਬਣਾਓ। ਟਮਾਟਰ ਅਤੇ ਖੀਰੇ ਨੂੰ ਗੋਲ-ਗੋਲ ਕੱਟ ਲਓ। ਇਕ ਪਰਾਂਠੇ 'ਤੇ ਰੱਖੋ। ਟਮਾਟਰ-ਖੀਰੇ ਦੇ ਸਲਾਇਸ ਰੱਖ ਕੇ ਨਮਕ ਅਤੇ ਕਾਲੀ ਮਿਰਚ ਛਿੜਕੋ। ਇਸਦੇ ਉਪਰ ਪਨੀਰ ਦੀ ਪਤਲੀ ਸਲਾਈਸ ਰੱਖ ਕੇ ਦੂਸਰੇ ਮੱਖਣ ਲੱਗੇ ਪਰੌਂਠੇ ਨਾਲ ਢੱਕ ਦਿਓ। ਟਮਾਟਰ ਦੀ ਮਿੱਠੀ ਚਟਨੀ ਜਾਂ ਧਨੀਆ ਦੀ ਚਟਪਟੀ ਚਟਨੀ ਦੇ ਨਾਲ ਸਰਵ ਕਰੋ।




ਕੈਨੇਡਾ ਵਿੱਚ ਪੰਜਾਬ ਵਰਗਾ ਮਾਹੌਲ
KHUKHRANA
CULTURAL GROUP
ਇਥੇ ਵਿਆਹ ਸ਼ਾਦੀਆਂ,ਪਾਰਟੀਆਂ ਅਤੇ ਹਰ ਖੁਸ਼ੀ ਦੇ ਮੌਕੇ ਤੇ ਜਾਗੋ ਅਤੇ ਪੰਜਾਬੀ ਕਲਚਰ ਪ੍ਰੋਗਰਾਮਾਂ ਲਈ ਸੰਪਰਕ ਕਰੋ
Prop. Gursewak Singh Khukhrana
Contact. 778-241-2148

ਪਾਰਸ ਅਰੋੜਾ
75288-65335
94642-20270
DarkBuck™
Quality PVC Panels Designed in Canada
ਸੁਖਮੰਦਰ ਸਿੰਘ
85228-00001
ਮੈਸ. ਰਹਿਮਤ ਇਗਜ਼ਿਮ
ਇੱਥੇ ਕੰਧਾਂ ਦੀ ਸਲਾਬ ਰੋਕਨ ਵਾਸਤੇ ਕਈ ਰੰਗਾਂ ਅਤੇ ਡਿਜ਼ਾਇਨਾਂ ਵਿੱਚ ਪੀ.ਵੀ.ਸੀ. ਪੈਨਲ ਮਿਲਦੇ ਹਨ।
ਵਧੀਆ ਕਾਰੀਗਰਾਂ ਦਾ ਖਾਸ ਪ੍ਰਬੰਧ ਹੈ।
ਅੰਮ੍ਰਿਤਸਰ ਰੋਡ, ਨੇੜੇ ਡਾ. ਖੰਨਾ ਹਸਪਤਾਲ, ਮੋਗਾ।

Bombay Bhel
restaurant®
2525 Hampshire Gate
(Dundas and Winston Churchill)
Oakville, Ontario. L6H 6CB
905.829.1040
www.bombaybhelrestaurant.com


Scanned with CamScanner




# ਖੇਡਾਂ ਆਪਸੀ ਪਿਆਰ ਮੇਲ ਮਿਲਾਪ ਖਿਲਾਰ ਸਕਦੀਆਂ ਨੇ



ਜੀਵਨ ਵੀ ਇੱਕ ਖੇਡ ਹੀ ਹੈ। ਖੇਡਾਂ ਦਾ ਹਰ ਉਮਰ, ਵਰਗ ਨਾਲ ਡੂੰਘਾ ਸੰਬੰਧ ਹੈ। ਮੁੰਡਿਆਂ ਕੁੜੀਆਂ ਦਾ ਬਾਲਪਣ ਖੇਡਾਂ ਵਿੱਚ ਵੱਡਾ ਹੁੰਦਾ ਹੈ। ਖੇਡਾਂ ਲਈ ਜੁਆਨੀ ਨੇੜਿਓਂ ਹੋ ਕੇ ਮਿਲਦੀ ਹੈ। ਖੇਡਾਂ ਸਰੀਰਕ ਅਭਿਆਸ ਤੋਂ ਛੁੱਟ ਜੁਆਨ ਕੁੜੀਆਂ ਲਈ ਮਨੋਭਾਵ ਪ੍ਰਗਟ ਕਰਨ ਦਾ ਵੀ ਢੁਕਵਾਂ ਰਾਹ ਹਨ। ਸਰੀਰਕ ਬਲ ਵਧਾਉਣ ਅਤੇ ਸੁਡੌਲਤਾ ਬਣਾਈ ਰੱਖਣ ਲਈ ਗੱਭਰੂ ਬਾਹਰੀ ਖੇਡਾਂ ਖੇਡਦੇ ਹਨ। ਵਿਹਲ ਦਾ ਸਮਾਂ ਬਿਤਾਉਣ ਲਈ ਬਿਰਧ ਵੀ ਢੁਕਵੀਆਂ ਖੇਡਾਂ ਨਾਲ ਮਨੋਰੰਜਕ ਰਹਿੰਦੇ ਹਨ। ਮਾਨਸਿਕ, ਸਰੀਰਕ ਵਿਕਾਸ ਤੇ ਸ਼ਕਤੀ ਦਾ ਨਿਸਤਾਰ, ਸਰੀਰਕ ਸ਼ਕਤੀ ਦੀ ਕਮੀ ਨੂੰ ਭਰਨ ਲਈ ਖੇਡਾਂ ਵਧੀਆ ਸੋਧ ਹੈ।

ਲੋਕ-ਖੇਡਾਂ ਵਿੱਚ ਠੀਕਰਾਂ, ਟਾਹਣਾਂ, ਕੌਡੀਆਂ, ਲੱਕੜੀ, ਕੋਲਾ, ਡੰਡਾ, ਇੱਟਾਂ ਦੇ ਰੋੜੇ, ਗੀਟੇ, ਗੀਟੀਆਂ, ਗੁੱਲੀ, ਖੂੰਡੀਆਂ, ਲੀਰਾਂ ਦਾ ਖਿੱਦੋ ਅਤੇ ਰੱਸੀਆਂ, ਰੱਸੇ ਹੁੰਦੇ ਹਨ। ਸਰੀਰਕ ਹਰਕਤਾਂ, ਭੱਜ-ਦੌੜ, ਉੱਛਲ-ਕੁੱਦ ਵਧੇਰੇ ਖੇਡਾਂ ਵਿੱਚ ਹੁੰਦੇ ਹਨ। ਘਰਾਂ ਦੇ ਕੱਚੇ ਵਿਹੜੇ, ਲੰਮੀਆਂ ਗਲੀਆਂ, ਹਵੇਲੀਆਂ, ਚੁਰੱਸਤੇ, ਬਾਹਰਵਾਰ ਥਾਂਵਾਂ ਅਤੇ ਖੁੱਲ੍ਹੇ ਖੇਤ ਖੇਡ ਦੇ ਮੈਦਾਨ ਬਣਦੇ ਹਨ। 'ਛੂਹਣ, ਛਪਾਈ' ਅਤੇ 'ਲੁਕਣ ਮਚਾਈ' ਪੰਜਾਬ ਦੀਆਂ ਲੋਕ-ਖੇਡਾਂ ਹਨ।

ਹਾਕੀ, ਟੇਬਲ ਟੈਨਿਸ, ਬਾਸਕਟਬਾਲ, ਬੈਡਮਿੰਟਨ ਅਤੇ ਵਾਲੀਬਾਲ ਭਾਰਤ ਦੀਆਂ ਪ੍ਰਸਿੱਧ ਖੇਡਾਂ ਹਨ। ਕੁੜੀਆਂ ਦੇ ਖੇਡ-ਕਾਰਜ 'ਗੁੱਡੀਆਂ ਪਟੋਲੇ' ਤੋਂ ਛੁੱਟ ਸਾਰੀਆਂ ਖੇਡਾਂ ਘਰ ਤੋਂ ਬਾਹਰ ਖੁਲੀਆਂ ਥਾਂਵਾਂ ਤੇ ਖੇਡੀਆਂ ਜਾਂਦੀਆਂ ਹਨ। ਸ਼ਤਰੰਜ, ਚੋਪੜ, ਤਾਂਸ਼, ਬਾਰਾਂ ਟਹਿਣੇ ਅਤੇ ਘਰੋਂ ਬਾਹਰ ਸੱਥ ਵਿੱਚ ਜਾਂ ਰੁੱਖਾਂ-ਬਰਖਾਂ ਦੇ ਹੇਠਾਂ ਬੈਠ ਕੇ ਖੇਡੀਆਂ ਜਾਂਦੀਆਂ ਹਨ।

ਕੁਸ਼ਤੀ, ਕਬੱਡੀ, ਮੂੰਗਲੀਆ ਫੇਰਨੀਆਂ, ਬੋਰੀ ਜਾਂ ਮੁਗਦਰ ਚੁੱਕਣੇ ਅਤੇ ਛਾਲਾਂ ਪੰਜਾਬ ਦੀਆਂ ਪ੍ਰਮੁੱਖ ਸਰੀਰਕ ਖੇਡਾਂ ਹਨ। ਰੱਸੀ ਟੱਪਣਾ ਅਤੇ ਅੱਡੀ ਛੜੱਪਾ ਕੁੜੀਆਂ ਨੇ ਖੇਡਾਂ ਸਿਰਜੀਆਂ ਹਨ।

ਗੋਲੀਆਂ, ਕੌਡੀਆਂ, ਬੰਟਿਆਂ, ਗੁੱਲੀ ਡੰਡਾ, ਖਿੱਦੋ ਖੂੰਡੀ, ਖੁੱਤੀਆ, ਪਿੱਠੂ, ਵਿੱਚ ਨਿਸ਼ਾਨਾ ਬੰਨਣ ਦਾ ਅਭਿਆਸ ਹੁੰਦਾ ਹੈ। ਅੱਡੀ ਟੱਪਾ, ਸ਼ਟਾਪੂ, ਟਾਪੂ, ਸਮੁੰਦਰ ਪੱਟੜਾ, ਪੀਚੋ ਬੱਕਰੀ ਅਤੇ ਸਮੁੰਦਰ ਕੁੜੀਆਂ ਦੀ ਖੇਡ ਹੈ। ਕੋਟਲਾ ਛਪਾਕੀ, ਸਮੁੰਦਰ, ਮੱਛੀ, ਊਚ ਨੀਚ, ਘਰ ਮਲਣ, ਰੰਗ ਮਲਣ, ਮਾਈ-ਮਾਈ ਕੀ ਲੱਭਦੀ, ਭੰਡਾ ਭੰਡਾਰੀਆ, ਆਈ ਜੇ ਆ, ਪੂਛ ਪੂਛ, ਖਾਨ ਘੋੜੀ, ਲੱਕੜ ਕਾਠ, ਅੰਨਾ ਸੋਟਾ, ਲੰਗੜਾ ਸ਼ੇਰ ਸਰੀਰਕ ਖੇਡਾਂ ਹਨ।

ਬੜੇ ਚਾਅ ਤੇ ਸ਼ਰਧਾ ਨਾਲ ਲੋਕ ਕਿਲ੍ਹਾ ਰਾਏਪੁਰ ਦੀਆਂ ਖੇਡਾਂ ਵੇਖਣ ਜਾਂਦੇ ਹਨ। ਹਾਕੀ ਮੇਲੇ ਵਿੱਚ ਭਾਰਤੀ ਹਾਕੀ ਦੇ ਜਾਦੂਗਰ ਧਿਆਨ ਚੰਦ, ਊਧਮ ਸਿੰਘ, ਪ੍ਰਿਥੀਪਾਲ ਸਿੰਘ, ਸੁਰਜੀਤ ਸਿੰਘ ਤੇ ਪ੍ਰਗਟ ਸਿੰਘ ਓਲੰਪੀਅਨ ਸਮੇਤ ਖੇਡ ਚੁੱਕੇ ਹਨ ਤੇ ਹਰ ਸਾਲ ਹਾਕੀ ਓਲੰਪੀਅਨ ਇੱਥੇ ਖੇਡਦੇ ਹਨ। ਕਿਲ੍ਹਾ ਰਾਏਪੁਰ ਦੇ ਖੇਡ ਮੇਲੇ ਵਿੱਚ ਹਾਕੀ ਤੇ ਖੱਚਰ ਰੇਹੜਾ ਦੌੜ, ਸੁਹਾਗਾ ਦੌੜ, ਘੋੜੀ-ਘੋੜਿਆਂ ਦੀ ਦੌੜ, ਕੁੱਤੇ-ਕੁੱਤੀਆਂ ਦੀ ਦੌੜ, ਕੁੱਕੜਾਂ ਦੀ ਲੜਾਈ, ਭੇਡੂਆਂ ਦੀ ਲੜਾਈ ਤੇ ਕਬੂਤਰ ਉਡਾਉਣ ਤੋਂ ਇਲਾਵਾ ਸਾਹਨਾ ਦੇ ਭੇੜ ਵੀ ਕਰਵਾਏ ਜਾਂਦੇ ਹਨ।

ਬਾਜੀਗਰਾਂ ਦੀਆਂ ਬਾਜ਼ੀਆਂ, ਘੰਡੀ 'ਤੇ ਰੱਖ ਕੇ ਸਰੀਆ ਵਿੰਗਾ ਕਰਨਾ, ਛਾਤੀ 'ਤੇ ਪੱਥਰ ਰੱਖ ਕੇ ਤੋੜਨਾ, ਹਿੱਕ ਤੋਂ ਟਰੈਕਟਰ ਲੰਘਾਉਣਾ, ਇੱਕ ਕੜੇ 'ਚੋਂ ਚਾਰ ਜਣਿਆਂ ਦਾ ਲੰਘਣਾ ਵੇਖ ਕੇ ਦਰਸ਼ਕ ਦੰਗ ਰਹਿ ਜਾਂਦੇ ਹਨ। ਆਧੁਨਿਕ ਮੋਟਰਸਾਈਕਲ ਕਰਤੱਬ, ਬੱਚਿਆਂ ਦੇ ਕਰਤੱਬ, ਨਿਹੰਗ ਸਿੰਘਾਂ ਦੀ ਨੇਜਾਬਾਜ਼ੀ, ਗੱਤਕਾਬਾਜ਼ੀ ਤੇ ਘੋੜ ਸਵਾਰੀ, ਵਾਲਾਂ ਨਾਲ ਕਾਰ ਖਿੱਚਣੀ, ਵਾਲਾਂ ਨਾਲ ਭਾਰ ਚੁੱਕਣਾ, ਰੱਸਾਕਸ਼ੀ, ਗੁੱਟ ਛਡਾਉਣੇ, ਡੰਡ ਬੈਠਕਾਂ, ਜਾਦੂਗਰਾਂ ਦੀ ਹੱਥ ਸਫ਼ਾਈ ਤੇ ਸਾਈਕਲਾਂ ਉੱਤੇ ਪੁੱਠੇ ਸਿੱਧੇ ਕਰਤੱਬ ਕਮਾਲ ਕਰਕੇ ਦਰਸ਼ਕਾਂ ਦਾ ਮਨ ਮੋਹ ਲੈਂਦੇ ਹਨ।

ਬਾਬਿਆਂ ਦੇ ਕੁਸ਼ਤੀ ਮੁਕਾਬਲੇ ਤੇ ਭਾਰ ਚੁੱਕਣੇ, ਹੱਥ ਗੋਲਾ ਸੁੱਟਣਾ ਤੇ ਨਿਸ਼ਾਨੇਬਾਜ਼ੀ ਲਈ ਬੰਦੂਕਾਂ, ਪਿਸਤੌਲਾਂ ਦੇ ਫਾਇਰ ਓਲੰਪਿਕ ਦੀ ਯਾਦ ਕਰਵਾਉਂਦੇ ਹਨ ਕੁੜੀਆਂ ਦੀ ਹਾਕੀ, ਕਬੱਡੀ, ਵਾਲੀਬਾਲ, ਬਾਸਕਟਬਾਲ, ਅਥਲੈਟਿਕਸ ਮੁਕਾਬਲੇ, ਬੱਚਿਆਂ ਦੀਆਂ ਖੇਡਾਂ ਅਤੇ ਹੋਰ ਅਨੇਕਾਂ ਸ਼ੌਕ ਪਾਲਣ ਵਾਲੇ ਅੰਗਹੀਣ ਕਿਲ੍ਹਾ ਰਾਏਪੁਰ ਪੁੱਜ ਕੇ ਆਪਣੀਆਂ ਖੇਡਾਂ ਦੇ ਜੌਹਰ ਵਿਖਾ ਕੇ ਦਰਸ਼ਕਾਂ ਤੇ ਪ੍ਰਬੰਧਕਾਂ ਤੋਂ ਨਾਂ ਤੇ ਨਾਵਾਂ ਖੱਟਦੇ ਹਨ। ਕਿਲ੍ਹਾ ਰਾਏਪੁਰ ਦੇ ਤਿੰਨ ਰੋਜ਼ਾ ਖੇਡ ਮੇਲੇ ਦੀ ਹਰ ਸ਼ਾਮ ਰਾਤ ਨੂੰ ਪੰਜਾਬ ਦੇ ਲੋਕ ਗਾਇਕ ਪੰਜਾਬੀ ਗੀਤਾਂ, ਗ਼ਜ਼ਲਾਂ, ਨਾਟਕਾਂ ਤੇ ਕਵੀਸ਼ਰ-ਢਾਡੀ-ਰਾਗੀ ਸਰੋਤਿਆਂ ਨੂੰ ਮੰਤਰ-ਮੁਗਧ ਕਰਦੇ ਹਨ।

ਚਿਰ ਹੋਇਆ ਮੈਂ ਅਜੇਹੀਆਂ ਹੀ ਲੋਕ ਖੇਡਾਂ ਦਾ ਚਿੱਠਾ ਲਿਖ ਕੇ ਕਰਵਾਉਣ ਨੂੰ ਇਥੋਂ ਦੇ ਖੇਡ ਪ੍ਰਬੰਧਕਾਂ ਨੂੰ ਦਿਤਾ ਸੀ-ਕਿਸੇ ਨੇ ਗੌਲਿਆ ਹੀ ਨਹੀਂ-ਇੱਕ ਵਾਰ ਮਿਊਜ਼ਿਕ ਚੇਅਰ ਰੇਸ ਕਰਵਾਈ ਸੀ-ਕਈਆਂ ਨੇ ਸ਼ੁਰੂ ਕਰ ਲਈ। ਜੇ ਹੁਣ ਵੀ ਇਹ ਖੇਡ ਪ੍ਰਬੰਧਕ ਚਾਹੁਣ ਤਾਂ ਮੈਂ ਆਪਣਾ ਸਮਾਂ ਦੇ ਸਕਦਾ ਹਾਂ।

ਸਾਰੇ ਵਰਗ ਦੇ ਦਰਸ਼ਕ ਜੇ ਖੇਡਾਂ 'ਚ ਸ਼ਾਮਿਲ ਹੋਣ ਤਾਂ ਰੰਗ ਵੱਖਰੇ ਹੀ ਹੋਣਗੇ ਤੇ ਸਾਰੇ ਘਰੋ ਘਰੀ ਖੁਸ਼ੀ ਵੀ ਲੈ ਕੇ ਜਾਣਗੇ। ਆਪਸੀ ਨਫ਼ਰਤ ਤਣਾਅ ਵੀ ਘਟੇਗਾ ਤੇ ਪਿਆਰ ਦਾ ਹਿੱਕਾਂ ਚ ਉੱਗਣਾਂ ਸੁਭਾਵਿਕ ਵੀ ਹੋ ਸਕਦਾ ਹੈ। ਮੇਰਾ ਤਾਂ ਦਿੱਲ ਕਰਦਾ ਹੈ ਕਿ ਦੁਨੀਆਂ 'ਚ ਸਾਰੇ ਬਦੇਸ਼ਾਂ 'ਚ ਇਹ ਲੋਕ ਖੇਡਾਂ ਘਰ ਕਰ ਜਾਣ-ਇਕੱਲੀ ਕਬੱਡੀ ਹੀ ਸਾਡੀ ਖੇਡ ਨਹੀਂ ਹੈ-ਇਸ ਰਾਹ ਤੇ ਟੁਰਨ ਨਾਲ ਗੁਰਦਵਾਰਿਆਂ 'ਚੋਂ ਲੜਾਈਆਂ ਜੰਗ ਵੀ ਕਿਤੇ ਅਲੋਪ ਹੋ ਜਾਣਗੇ। ਪਿਆਰ ਮੇਲ ਮਿਲਾਪ ਹਰ ਦਰ ਘਰ 'ਚ ਆ ਦਸਤਕ ਦੇਵੇਗਾ।

-ਡਾ. ਅਮਰਜੀਤ ਟਾਂਡਾ

---

1 3 5
4 6 8
7 9 10
11 14 12
13 15

ਪਿਆਰੇ ਬੱਚਿਓ !

ਕੀ ਤੁਹਾਨੂੰ ਪਤਾ ਹੈ ਕਿ ਨਾਲ ਦਿੱਤੇ ਗਏ '1' ਤੋਂ ਤੱਕ '15' ਦੇ ਅੰਕਾਂ ਵਿਚੋਂ ਕਿਹੜਾ ਅੰਕ ਨਹੀਂ ਹੈ।


ਉੱਤਰ: 2

ਪੇਸ਼ਕਸ਼: ਭਾਗਵੰਤੀ ਪੁਰਬਾ
E-Mail: bhagwanti.purba@gmail.com

---

## ਰਸਤਾ ਲੱਭੋ

-ਭਾਗਵੰਤੀ ਪੁਰਬਾ
1195, ਅਜੀਤ ਨਗਰ ਮੋਗਾ
E-Mail: bhagwanti.purba@gmail.com




ਪਿਆਰੇ ਬੱਚਿਓ ! ਨਿੱਕੀ ਬਿੱਲੀ ਪਾਇਪਾਂ ਵਿੱਚ ਉਲਝ ਗਈ ਹੈ। ਉਸ ਨੇ ਆਪਣੀ ਝੋਪੜੀ ਵਿੱਚ ਜਾਣਾ ਹੈ। ਕੀ ਤੁਸੀਂ ਨਿੱਕੀ ਬਿੱਲੀ ਨੂੰ ਉਸ ਦੀ ਝੋਪੜੀ ਵਿੱਚ ਪਹੁੰਚਣ ਦਾ ਰਸਤਾ ਦੱਸ ਸਕਦੇ ਹੋ ?

---




ਪਿਆਰੇ ਬੱਚਿਓ! ਉਪਰ ਤਸਵੀਰ ਵਿੱਚ ਦਿੱਤੇ 01 ਤੋਂ ਲੈ ਕੇ 17 ਤੱਕ ਦੇ ਬਿੰਦੂ (ਡੋਟ) ਮਿਲਾਓ ਤੇ ਵੇਖੋ ਕੀ ਬਣਦਾ ਹੈ ?

ਉੱਤਰ: ਮੱਛੀ

---

## ਜਾਨਵਰਾਂ ਸੰਬੰਧੀ ਅਨੋਖੀ ਜਾਣਕਾਰੀ

* ਹਾਈਡਰਾ ਅਲੂਣੇ ਪਾਣੀ ਵਿਚ ਰਹਿਣ ਵਾਲਾ ਐਸਾ ਜੀਵ ਹੈ ਜਿਸ ਦਾ ਕੋਈ ਮਲ-ਦੁਆਰ ਨਹੀਂ ਹੁੰਦਾ। ਇਹ ਅਣਪਚਿਆ ਭੋਜਨ ਅਤੇ ਮਲ-ਪਦਾਰਥ ਮੂੰਹ ਰਸਤੇ ਬਾਹਰ ਕੱਢਦਾ ਹੈ।
* ਫਾਈਸੇਲੀਆ ਇਕ ਐਸਾ ਸਮੁੰਦਰੀ ਜੀਵ ਹੈ, ਜਿਸ ਦਾ ਸਰੀਰ ਪਾਰਦਰਸ਼ਕ ਹੁੰਦਾ ਹੈ।
* ਤੰਦੂਆ ਐਸਾ ਜੀਵ ਹੈ ਕਿ ਜਦੋਂ ਕੋਈ ਜਾਨਵਰ ਇਸ 'ਤੇ ਹਮਲਾ ਕਰਦਾ ਹੈ ਤਾਂ ਇਹ ਆਪਣੇ ਅੰਦਰੋਂ ਸਿਆਹੀ ਵਰਗਾ ਤਰਲ ਪਦਾਰਥ ਕੱਢ ਕੇ ਹਮਲਾਵਰ ਦੀਆਂ ਅੱਖਾਂ ਬੰਦ ਕਰ ਦਿੰਦਾ ਹੈ।
* ਮੈਕਸੀਕੋ ਅਤੇ ਅਮਰੀਕਾ ਦੇ ਪੱਛਮ-ਪੂਰਬੀ ਭਾਗ ਵਿਚ ਸਿੰਗੀ ਕਿਰਲੀ (ਕਿਰਲੀ ਜਾਤੀ) ਨਾਂਅ ਦਾ ਐਸਾ ਜੀਵ ਹੈ ਜੋ ਆਪਣੇ 'ਤੇ ਹਮਲਾ ਹੋਣ ਦੀ ਸੂਰਤ ਵਿਚ ਆਪਣੀਆਂ ਅੱਖਾਂ ਵਿਚੋਂ ਲਹੂ ਦੀਆਂ ਤੇਜ਼ ਧਾਰਾਂ ਦੁਸ਼ਮਣ 'ਤੇ ਸੁੱਟਦਾ ਹੈ।
* ਗਿਲਾਮੌਂਸਟਰ ਅਮਰੀਕਾ ਵਿਚ ਪਾਇਆ ਜਾਣ ਵਾਲਾ ਕਿਰਲੀ ਜਾਤੀ ਦਾ ਐਸਾ ਜੀਵ ਹੈ ਜਿਸ ਦੇ ਕੱਟਣ ਨਾਲ ਮਨੁੱਖ ਦੀ ਮੌਤ ਹੋ ਸਕਦੀ ਹੈ।
* ਬ੍ਰਾਜ਼ੀਲ ਦੇ ਜੰਗਲਾਂ ਵਿਚ ਸਲਾਥ ਨਾਂਅ ਦਾ ਐਸਾ ਜੀਵ ਪਾਇਆ ਜਾਂਦਾ ਹੈ ਜੋ ਆਮ ਤੌਰ 'ਤੇ ਰੁੱਖਾਂ ਨਾਲ ਪੁੱਠਾ ਲਟਕਿਆ ਰਹਿੰਦਾ ਹੈ। ਇਸ ਦੀ ਪਕੜ ਐਨੀ ਮਜ਼ਬੂਤ ਹੈ ਕਿ ਗੋਲੀ ਲੱਗਣ 'ਤੇ ਵੀ ਗਲ-ਸੜ ਕੇ ਹੀ ਹੇਠਾਂ ਡਿੱਗਦਾ ਹੈ।
* ਉਤਰੀ ਅਮਰੀਕਾ, ਰੂਸ, ਕੈਨੇਡਾ ਵਿਚ ਮੋਟੇ ਚੂਹੇ ਦੀ ਨੁਹਾਰ ਵਰਗਾ 'ਬੀਵਰ' ਐਸਾ ਜੀਵ ਪਾਇਆ ਜਾਂਦਾ ਹੈ ਜੋ ਦਰਿਆ ਵਿਚ ਸਮੂਹ ਨਾਲ ਮਿਲ ਕੇ ਲੱਕੜੀ ਦੇ ਟੁਕੜਿਆਂ ਨਾਲ 12 ਫੁੱਟ ਤੱਕ ਉਚੀ ਬਣਾਉਟੀ ਝੀਲ ਦਾ ਨਿਰਮਾਣ ਕਰ ਸਕਦਾ ਹੈ।

Scanned with CamScanner

ਕਹਾਣੀ

# ਵਿਤਕਰਾ



ਗੁਰਮੇਲ ਸਿੰਘ ਬੌਡੇ

ਅਜ਼ਾਦੀ ਦਿਵਸ ਤੋਂ ਇਕ ਦਿਨ ਪਹਿਲਾਂ ਦੀ ਸ਼ਾਮ। ਸ਼ਹਿਰ ਦੇ ਚੱਪੇ-ਚੱਪੇ ਤੇ ਤਾਇਨਾਤ ਪੁਲਿਸ ਦਸਤੇ। ਉਨ੍ਹਾਂ ਦੀਆਂ ਹਰ ਸਖ਼ਸ਼ ਨੂੰ ਘੂਰਦੀਆਂ ਸ਼ੱਕੀ ਨਿਗਾਹਾਂ ਸਾਡੇ ਅਜ਼ਾਦ ਹੋਣ ਦਾ ਦਮ ਘੁੱਟੂ ਅਹਿਸਾਸ ਕਰਵਾ ਰਹੀਆਂ ਸਨ। ਇੰਜ ਕੁਲ ਮਿਲਾ ਕੇ ਇੱਕ ਸਹਿਮ ਦਾ ਮਹੌਲ ਸੀ। ਦੂਸਰੇ ਪਾਸੇ ਅਸਮਾਨ 'ਚ ਝੁਕੇ ਹੋਏ ਗੂੜ੍ਹੇ ਕਾਲੇ ਬੱਦਲਾਂ ਕਾਰਨ ਹਨ੍ਹੇਰਾ ਪਸਰਿਆ ਹੋਇਆ ਸੀ। ਕਈ ਦਿਨਾਂ ਦੇ ਵੱਟ ਮਰੋੜ ਤੇ ਅੱਤ ਦੀ ਗਰਮੀ ਤੋਂ ਬਾਅਦ ਅੱਜ ਚੱਲ ਰਹੀ ਠੰਡੀ ਹਵਾ ਰਾਹਤ ਵੰਡ ਰਹੀ ਸੀ। ਪੰਜਾਬ ਦੇ ਇਕ ਸ਼ਹਿਰ ਦੇ ਬੱਸ ਸਟੈਂਡ ਦੀ ਵਿਸ਼ਾਲ ਇਮਾਰਤ। ਇਸ ਦੇ ਉੱਪਰ ਰਾਜਸਥਾਨੀ ਭਵਨ ਕਲਾ ਦੇ ਨਮੂਨੇ ਵਜੋਂ ਬਣਾਏ ਲਾਲ ਪੱਥਰ ਦੇ ਗੁੰਬਦਾਂ ਨਾਲ ਕਾਲੇ ਬੱਦਲ ਘਸਰ ਕੇ ਲੰਘਦੇ ਪ੍ਰਤੀਤ ਹੋ ਰਹੇ ਸਨ। ਚੱਲ ਰਹੀ ਹਵਾ ਵਿਚ ਨਮੀ ਦੇ ਕਣ ਸਭ ਨੂੰ ਰਾਹਤ ਦੇ ਰਹੇ ਸਨ। ਭਾਵੇਂ ਅਜੇ ਸਾਢੇ ਚਾਰ ਵੱਜੇ ਸਨ ਪਰ ਇੰਜ ਲੱਗਦਾ ਸੀ ਜਿਵੇਂ ਸ਼ਾਮ ਦੇ ਸਾਢੇ ਸੱਤ ਵੱਜ ਗਏ ਹੋਣ। ਬਰਨਾਲੇ ਵਾਲਾ ਕਾਂਊਟਰ ਖਾਲੀ ਸੀ। ਇਸੇ ਦੌਰਾਨ ਰਾਜਸਥਾਨ ਰੋਡਵੇਜ ਦੀ ਗੰਗਾ ਨਗਰ ਵਲੋਂ ਆਈ ਬੱਸ ਚੰਡੀਗੜ੍ਹ ਦੇ ਕਾਊਂਟਰ ਤੇ ਆ ਲੱਗੀ।

ਹੋਰਨਾਂ ਮੁਸਾਫਰਾਂ ਦੇ ਨਾਲ ਰਾਜਸਥਾਨ ਦਾ ਮਜ਼ਦੂਰ ਪਰਿਵਾਰ ਬੱਸ 'ਚੋਂ ਉਤਰਿਆ। ਉਨ੍ਹਾਂ ਵਿਚੋਂ ਲੰਮੇ ਕੁੜਤੇ ਤੇ ਧੋਤੀਆਂ ਪਹਿਨੇ ਹੋਏ ਚਾਰ ਪੰਜ ਮਰਦ ਸਨ। ਜਿੰਨਾਂ ਵਿਚ ਦੋ ਨੌਜਵਾਨਾਂ ਦੇ ਤਿੰਨ ਵੱਡੀ ਉਮਰ ਦੇ ਸਨ। ਵੱਡੀ ਉਮਰ ਦੇ ਬਜ਼ੁਰਗ ਨੇ ਸਫੈਦ ਅਤੇ ਦੂਸਰਿਆਂ ਨੇ ਰੰਗਦਾਰ ਰਾਜਸਥਾਨੀ ਪੱਗੜੀਆਂ ਬੰਨੀਆਂ ਹੋਈਆਂ ਸਨ। ਇਨ੍ਹਾਂ ਨਾਲ ਏਨੀ ਹੀ ਔਰਤਾਂ ਸਨ ਜਿੰਨਾਂ ਹਰੀਆਂ, ਨੀਲੀਆਂ, ਲਾਲ ਤੇ ਪੀਲੀਆਂ ਓੜਨੀਆਂ ਨਾਲ ਮਰਦਾਂ ਕੋਲੋਂ ਲੰਬੇ ਲੰਬੇ ਘੁੰਡ ਕੱਢੇ ਹੋਏ ਸਨ। ਵੱਡੀ ਉਮਰ ਦੀਆਂ ਤ੍ਰੀਮਤਾਂ ਦੀਆਂ ਬਾਹਾਂ ਵਿਚ ਡੌਲਿਆਂ ਤੱਕ ਹਾਥੀ ਦੰਦ ਦੇ ਕੰਗਣ ਤੇ ਪੈਰਾਂ ਵਿਚ ਚਾਂਦੀ ਦੇ ਮੋਟੇ ਮੋਟੇ ਗਿਟਕੜੇ ਪਹਿਨੇ ਹੋਏ ਸਨ। ਦੋ ਕੁ ਜਵਾਨ ਔਰਤਾਂ ਨੇ ਬਾਹਾਂ ਵਿਚ ਗੂੜ੍ਹੇ ਰੰਗਾਂ ਦੀਆਂ ਪਲਾਸਟਿਕ ਦੀਆਂ ਬਰੀਕ ਚੂੜੀਆਂ ਤੇ ਪੈਰਾਂ ਵਿਚ ਪੰਜੇਬਾਂ ਪਹਿਨੀਆਂ ਹੋਈਆਂ ਸਨ। ਉਨ੍ਹਾਂ ਨਾਲ ਤਿੰਨ ਕੁ ਸਾਲ ਤੋਂ ਲੈ ਕੇ ਦਸ ਬਾਰਾਂ ਸਾਲ ਦੇ ਬੱਚੇ ਵੀ ਸਨ। ਇਨ੍ਹਾਂ 'ਚੋਂ ਤਿੰਨ ਕੁ ਲੜਕੀਆਂ ਦੇ ਸਧਾਰਨ ਕਮੀਜ਼ ਸਨ ਜਿਨ੍ਹਾਂ ਦਾ ਗੋਡਿਆਂ ਤੱਕ ਫਰਾਕ ਵਾਂਗ ਗੋਲ ਘੇਰਾ ਸੀ। ਲੜਕਿਆਂ ਦੇ ਮੈਲੇ ਜੇਹੇ ਝੱਗੇ ਸਨ। ਸਭ ਦੇ ਪੈਰ ਨੰਗੇ ਸਨ। ਉਨ੍ਹਾਂ ਕੋਲ ਆਪਣੇ ਨਿੱਕ ਸੁੱਕ ਦੀਆਂ ਚਾਰ ਪੰਜ ਗੱਠੜੀਆਂ ਸਨ। ਇਕ ਗੱਠੜੀ ਵਿਚ ਸਿਲਵਰ ਦੇ ਦੋ-ਤਿੰਨ ਪਤੀਲੇ ਤੇ ਕੁਝ ਹੋਰ ਭਾਂਡੇ ਸਨ। ਇਨ ਗੱਠੜੀਆਂ ਨੂੰ ਉਹ ਫਰਸ਼ ਤੇ ਰੱਖ ਕੇ ਉਹ ਬੈਠ ਗਏ ਸਨ। ਉਨ੍ਹਾਂ ਦੇ ਸਾਜੋ ਸਮਾਨ ਨੂੰ ਦੇਖ ਕੇ ਬੱਸ ਅੱਡੇ ਤੇ ਤਾਇਨਾਤ ਪੰਜ-ਸੱਤ ਪੁਲਿਸ ਮੁਲਾਜ਼ਮ ਇਕ ਕੁੱਤੇ ਸਮੇਤ ਆਏ ਤੇ ਹੱਥਾਂ ਵਿਚ ਫੜੇ ਬੈਂਤ ਦੇ ਡੰਡੇ ਨਾਲ ਗੱਠੜੀਆਂ ਨੂੰ ਠਕੋਰ ਕੇ ਪੁੱਛਣ ਲੱਗੇ, "ਕਿੱਥੋਂ ਆਏ ਹੋ ਤੇ ਕਿੱਥੇ ਜਾਣੈਂ?" ਇਸ ਦੇ ਜਵਾਬ ਵਿਚ ਵੱਡੀ ਉਮਰ ਦਾ ਬਜ਼ੁਰਗ ਬੋਲਿਆ,

"ਅਰੇ ਸਾਹਿਬ ਹਨੂੰਮਾਨਗੜ੍ਹ ਸੇ ਆਏ ਹੈ ਔਰ ਬਰਨਾਲਾ ਸੰਗਰੂਰ ਕੀ ਤਰਫ਼ ਜਾਣਾ ਹੈ ਵਹਾਂ ਸੜਕ ਬਨਾਨੇ ਕਾ ਕਾਮ ਕਰੇਂਗੇ।"

"ਇਨਾਂ ਗੱਠੜੀਆਂ 'ਚ ਕੀ ਐ? ਕਿਤੇ ਆਰ ਡੀ ਐਕਸ ਤਾਂ ਨੀ ਲਈ ਫਿਰਦੇ?" ਦੂਸਰੇ ਮੁਲਾਜ਼ਮ ਨੇ ਪੁੱਛਿਆ।

"ਨਹੀਂ ਸਾਹਿਬ, ਆਪ ਦੇਖ ਲੀਜੀਏ ਇਨਮੇਂ ਤੋਂ ਹਮਾਰੇ ਕੱਪੜੇ ਹੈਂ ਔਰ ਇਸਮੇਂ ਕੁਛ ਬਰਤਨ ਹੈਂ" ਇਹ ਕਹਿ ਕੇ ਬਜ਼ੁਰਗ ਨੇ ਭਾਂਡਿਆਂ ਵਾਲੀ ਗੱਠੜੀ ਦੀ ਗੰਢ ਖੋਹਲੀ ਤਾਂ ਦੋ ਕੁ ਪਤੀਲੇ ਤੇ ਕੁਝ ਕੌਲੇ ਤੇ ਗਲਾਸ ਫਰਸ਼ ਤੇ ਰਿੜਨ ਲੱਗੇ।

"ਅੱਛਾ ਅੱਛਾ ਠੀਕ ਐ ਕੱਠੇ ਕਰੋ ਇਨ ਨੂੰ, ਤੇ ਹਾਂ ਤੁਸੀਂ ਜਿਸ ਠੇਕੇਦਾਰ ਕੋਲ ਜਾਣਾ ਹੈ ਉਸਦਾ ਪਤਾ ਹੈ ਆਪਕੇ ਪਾਸ?" ਇਕ ਸਿਪਾਹੀ ਨੇ ਕੱਪੜਿਆਂ ਵਾਲੀਆਂ ਗੱਠੜੀਆਂ 'ਚੋਂ ਆਈ ਹੁੰਮਸ ਤੇ ਮੁਸ਼ਕ ਕਾਰਨ ਛੱਡਦਿਆਂ ਕਿਹਾ।

"ਸਾਹਿਬ ਜੀ, ਹਮਾਰੇ ਠੇਕੇਦਾਰ ਚੱਡਾ ਸਾਹਿਬ ਔਰ ਗਰੇਵਾਲ ਸਾਹਿਬ ਰਹਿਤੇ ਤੋਂ ਚੰਡੀਗੜ੍ਹ ਹੈ ਬੱਸ ਕਭੀ ਕਭੀ ਹਮਾਰਾ ਕਾਮ ਦੇਖਨੇ ਗਾੜੀ ਮੇਂ ਆਤੇ ਹੈਂ ਉਨਕਾ ਪਤਾ ਤੋਂ ਮਾਲੂਮ ਨਹੀਂ ਕਿਉਂਕਿ ਹਮਾਰੀ ਵਗਾਰ ਭੀ ਕੋਈ ਔਰ ਆਦਮੀ ਦੇਨੇ ਆਤਾ ਹੈ। ਹਮਨੇ ਉਸੀ ਕੇ ਸ਼ਹਿਰ ਜਾਨਾ ਹੈ ਉਸਕਾ ਨਾਮ ਰਘੁਵੀਰ ਢੀਂਡਸਾ ਹੈ। ਯੇਹ ਰਹਾ ਉਸਕਾ ਕਾਰਡ" ਬਜ਼ੁਰਗ ਆਦਮੀ ਨੇ ਆਪਣੇ ਲੰਬੇ ਕਮੀਜ਼ ਦੇ ਖੀਸੇ 'ਚੋਂ ਕੱਢੀ ਕੱਪੜੇ ਦੀ ਪੋਟਲੀ ਦੀਆਂ ਕਈ ਤੈਹਾਂ ਖੋਲ੍ਹ ਕੇ ਲੱਭੇ ਕਾਰਡ ਨੂੰ ਹੌਲਦਾਰ ਵੱਲ ਵਧਾਉਂਦਿਆਂ ਕਿਹਾ।

ਹੌਲਦਾਰ ਨੇ ਕਾਰਡ ਦੇਖਿਆ, "ਅੱਛਾ-ਅੱਛਾ ਠੀਕ ਐ" ਕਹਿ ਕੇ ਪੁਲੀਸ ਵਾਲੇ ਕੁੱਤੇ ਸਮੇਤ ਚਲੇ ਗਏ। ਏਨੇ ਸਮੇਂ ਦੌਰਾਨ ਉਨ ਦਾ ਕੁੱਤਾ ਵੀ ਸਿਪਾਹੀਆਂ ਦੇ ਪਿੱਛੇ ਹੀ ਖੜ੍ਹਾ ਰਿਹਾ ਉਸਨੇ ਵੀ ਗੱਠੜੀਆਂ ਨੂੰ ਸੁੰਘਣ ਦੀ ਜਹਿਮਤ ਨਾ ਕੀਤੀ।

"ਆਜੋ ਬਰਨਾਲਾ ਸੰਗਰੂਰ ਪਟਿਆਲਾ, ਆਜੋ ਬਰਨਾਲਾ ਸੰਗਰੂਰ, ਪਟਿਆਲ ਜਾਣ ਵਾਲੇ" ਬੱਸਾਂ ਦੇ ਝੁੰਡ 'ਚੋਂ ਤੇਜ਼ ਰਫ਼ਤਾਰ ਨਾਲ ਆਉਂਦੀਆਂ ਪ੍ਰਾਈਵੇਟ ਕੰਪਨੀ ਦੀ ਬੱਸ ਤੇ ਨਜ਼ਰ ਪੈਂਦਿਆਂ ਹੀ ਕੰਡਕਟਰ ਕੋਲੋਂ ਦਸ, ਦਸ ਰੁਪਏ ਲੈ ਕੇ ਹਾਕਾਂ ਮਾਰਨ ਵਾਲੇ ਦੋ ਮੁੰਡੇ ਅਵਾਜ਼ਾਂ ਮਾਰਨ ਲੱਗੇ। ਸਵਾਰੀਆਂ ਉਤਾਰ ਕੇ ਬੱਸ ਕਾਊਂਟਰ ਤੇ ਲੱਗੀ। ਸਵਾਰੀਆਂ ਬੱਸ 'ਚ ਚੜ੍ਹਨ ਲੱਗੀਆਂ। ਮੈਂ ਪਿਛਲੀ ਤਾਕੀ ਕੋਲ ਦੋ ਵਾਲੀ ਸੀਟ ਤੇ ਸ਼ੀਸ਼ੇ ਵਾਲੇ ਪਾਸੇ ਬੈਠ ਗਿਆ ਤੇ ਕੱਪੜੇ ਦੇ ਪਰਦੇ ਨੂੰ ਪਿਛਾਂਹ ਕੀਤਾ। ਪ੍ਰਾਈਵੇਟ ਕੰਪਨੀ ਦੀ ਬੱਸ ਵਿਚ ਸ਼ੀਸ਼ਿਆਂ ਨਾਲ ਲੱਗੇ ਪਰਦਿਆਂ ਕਾਰਨ ਬਾਹਰ ਨਾਲੋਂ ਅੰਦਰ ਹਨ੍ਹੇਰਾ ਵੀ ਸੀ ਅਤੇ ਇਕ ਨਿੱਘ ਵੀ ਸੀ। ਡਰਾਈਵਰ ਦੀ ਸੀਟ ਮਗਰ ਲੱਗੇ ਕੈਬਿਨ ਵਿਚ ਟੈਲੀਵਿਜ਼ਨ ਚੱਲ ਰਿਹਾ ਸੀ। ਅੱਧਿਓਂ ਵੱਧ ਬੱਸ ਭਰ ਚੁੱਕੀ ਸੀ। ਅਵਾਜ਼ਾਂ ਮਾਰਨ ਵਾਲਿਆਂ ਕੋਲੋਂ ਸੰਗਰੂਰ ਦੀਆਂ ਦਸ ਬਾਰਾਂ ਸਵਾਰੀਆਂ ਬਾਰੇ ਸੁਣ ਕੇ ਕੰਡਕਟਰ ਦੀਆਂ ਵਾਛਾ ਖਿੜ ਗਈਆਂ। ਜਦ ਉਹ ਰਾਜਸਥਾਨੀ ਮਜ਼ਦੂਰ ਬੱਸ ਚੜ੍ਹਨ ਲੱਗੇ ਤਾਂ ਕੰਡਕਟਰ ਚੀਕਿਆ "ਓਏ, ਓਏ ਬੱਸ ਦੇ ਅੰਦਰ ਨਹੀਂ ਛੱਤ ਤੇ ਚੱਲੋ"।

"ਭਾਈ ਸਾਹਿਬ, ਮੌਸਮ ਕਾ ਮਿਜਾਜ ਤੋਂ ਦੇਖੀਏ, ਹਮ ਭੀਗ ਜਾਏਂਗੇ ਯੇਹ ਬਾਲ ਬੀਮਾਰ ਪੜ੍ਹ ਜਾਏਂਗੇ" ਬਜ਼ੁਰਗ ਆਦਮੀ ਨੇ ਬੱਚਿਆਂ ਵੱਲ ਹੱਥ ਕਰਦਿਆਂ ਤਰਲੇ ਨਾਲ ਕਿਹਾ।

"ਸਾਈਂ ਜੀ ਹਮ ਦੂਸਰੀ ਬੱਸ ਮੇਂ ਚਲੇ ਜਾਏਂਗੇ। ਪਹਿਲੇ ਭੀ ਤੋਂ ਹਮ ਬਸ ਕੇ ਭੀਤਰ ਬੈਠ ਕੇ ਆਏਂ ਹੈ" ਬਜ਼ੁਰਗ ਔਰਤ ਲੰਬੇ ਘੁੰਡ 'ਚੋਂ ਬੋਲੀ "ਅਰੇ ਭੰਬਰੀ ਵੋਹ ਹਮਾਰੇ ਦੇਸ ਕੀ ਸਰਕਾਰੀ ਬਸ ਥੀ। ਜਹਾਂ ਅਮੀਰ ਸਰਦਾਰੋਂ ਕੀ ਬੱਸੇਂ ਹੋਂ। ਯੇਹ ਸਭ ਹਮੇ ਏਸੇ ਹੀ ਲੇ ਕੇ ਜਾਏਂਗੇ ਕਿਆ ਕਰੇ" ਬਜ਼ੁਰਗ ਨੇ ਦੁਖੀ ਮਨ ਨਾਲ ਕਿਹਾ। ਭੰਬਰੀ ਦੇ ਕਹਿਣ ਤੇ ਉਸ ਨੇ ਇਕ ਵਾਰ ਫਿਰ ਕੰਡਕਟਰ ਦੀ ਮਿੰਨਤ ਕੀਤੀ ਤੇ ਕਿਹਾ, "ਅਰੇ ਸਾਹਿਬ ਐਸਾ ਮੱਤ ਕੀਜੀਏ ਹਮੇਂ ਭੀਤਰ ਜਾਨੇ ਦੋ ਨਾ"।

"ਬੱਸ ਅੰਦਰ ਵੜ ਜਾਓਂਗੇ ਤਾਂ ਤੁਹਾਡੇ ਮੁਸ਼ਕ ਨਾਲ ਜਿਹੜੀਆਂ ਤੀਹ ਸਵਾਰੀਆਂ ਬੈਠੀਐਂ' ਉਹ ਉਤਰ ਜਾਣਗੀਆਂ।" ਕੰਡਕਟਰ ਨੇ ਕਿਹਾ। "ਕਾਹੇ ਕੋ ਇੰਜ ਕਰਤੇ ਹੋ ਹਮ ਭੀ ਤੋਂ ਇਨਸਾਨ ਹੈਂ, ਹਮਨੇ ਭੀ ਤੋਂ ਪੂਰਾ ਕਿਰਾਇਆ ਦੇਣਾ ਹੈ।" ਦੂਸਰੇ ਬਜ਼ੁਰਗ ਦੇ ਇਹ ਕਹਿੰਦਿਆਂ ਅੱਖਾਂ ਦੇ ਲਾਲ ਡੋਰਿਆਂ 'ਚ ਬੇਬਸੀ ਦਾ ਪਾਣੀ ਤੈਰ ਆਇਆ। ਪਰ ਕੰਡਕਟਰ ਆਪਣੀ ਗੱਲ ਤੇ ਅੜਿਆ ਹੋਇਆ ਸੀ। ਉਸਨੂੰ ਉਨ ਦੇ ਲੰਬੇ ਸਫ਼ਰ ਦੀ ਪੀੜ ਦਾ ਅਹਿਸਾਸ ਨਹੀਂ ਸੀ। ਉਸਨੇ ਰੁੱਖੇਪਣ ਨਾਲ ਕਿਹਾ, "ਮੈਂ ਕਦੋਂ ਕਿਹੈ ਕਿ ਤੁਸੀਂ ਬਾਂਦਰ ਹੋ। ਪੂਰਾ ਕਿਰਾਇਆ ਤਾਂ ਅਸੀਂ ਖੜ੍ਹੀਆਂ ਸਵਾਰੀਆਂ ਤੋਂ ਵੀ ਵਸੂਲਦੇ ਹਾਂ। ਜੀਹਨੇ ਬੈਠ ਕੇ ਆਉਣੈ ਉਹ ਇਸ ਬੱਸ 'ਚ ਨਾ ਬੈਠੇ ਅਗਲੀ ਤੇ ਆ ਜੇ। ਚਲੋ ਤੁਸੀਂ ਗਰੀਬ ਹੋ ਤੁਸੀਂ ਦਸ ਦਸ ਰੁਪਏ ਸਵਾਰੀ ਦੇ ਘੱਟ ਦੇ ਦਿਓ। ਸੰਗਰੂਰ ਜਾ ਕੇ ਦੇਸੀ ਦੀ ਬੋਤਲ ਲੈ ਕੇ ਠੰਡ ਦੂਰ ਕਰ ਲਿਓ।" ਕੰਡਕਟਰ ਸਵਾਰੀਆਂ ਛੱਡਣਾ ਵੀ ਨਹੀਂ ਸੀ ਚਾਹੁੰਦਾ ਤੇ ਬੱਸ ਅੰਦਰ ਬਿਠਾਉਣਾ ਵੀ ਨਹੀਂ ਸੀ ਚਾਹੁੰਦਾ।

ਕੰਡਕਟਰ ਵਲੋਂ "ਮੈਂ ਕਦੋਂ ਕਿਹੈ ਕਿ ਤੁਸੀਂ ਬਾਂਦਰ ਹੋ" ਸੁਣਕੇ ਆਪਣੇ ਆਪ ਨੂੰ ਪੜ੍ਹੇ ਲਿਖੇ ਅਖਵਾਉਂਦੇ ਕਾਲਜੀਏਟ ਮੁੰਡੇ ਗੰਵਾਰਾਂ ਵਾਂਗ ਤਿੜ ਕਰਕੇ ਹੱਸੇ, ਮੈਂ ਉਨ੍ਹਾਂ ਵੱਲ ਤਿਓੜੀ ਪਾ ਕੇ ਤੱਕਿਆ ਤੇ ਕਿਹਾ, "ਯਾਰ ਤੁਸੀਂ ਤਾਂ ਪੜ੍ਹੇ ਲਿਖੇ ਹੋ, ਇਹ ਵੀ ਮਨੁੱਖ ਹਨ ਜੇ ਮਨੁੱਖ ਨੂੰ ਮਨੁੱਖ ਵਾਂਗ ਸਫ਼ਰ ਕਰਨ ਦੀ ਬਰਾਬਰੀ ਵੀ ਨਹੀਂ ਆਈ ਤਾਂ ਅਸੀਂ ਕੱਲ੍ਹ ਨੂੰ ਕਿਹੜੀ ਅਜ਼ਾਦੀ ਮਨਾ ਰਹੇ ਹਾਂ ਕਦੇ ਸੋਚਿਐ? ਸਾਰੀ ਬੱਸ 'ਚੋਂ ਮੇਰੇ ਨਾਲ ਕਿਸੇ ਵੀ ਮੁਸਾਫ਼ਰ ਨੇ ਹੁੰਗਾਰਾ ਨਾ ਭਰਿਆ।

"ਬਾਈ ਤੂੰ ਇਨ੍ਹਾਂ ਨਾਲ ਹੀ ਅਗਲੀ ਬੱਸ ਤੇ ਆਜੀਂ" ਡਰਾਈਵਰ ਦੀ ਸੀਟ ਤੋਂ ਕੁਝ ਸੀਟਾਂ ਹਟਕੇ ਬੈਠਾ ਇਕ ਮੁਸਾਫ਼ਰ ਬੋਲਿਆ। ਉਸਦੀ ਇਹ ਤਨਜ ਸੁਣਕੇ ਮੈਨੂੰ ਪੰਜਾਬ ਦੀ ਵਿਰਾਸਤ ਅਤੇ ਸਾਡੇ ਪੜ੍ਹੇ ਲਿਖੇ ਹੋਣ ਦੀ ਲਿਆਕਤ ਸਾਡੇ ਸਲੀਕੇ 'ਚੋਂ ਸੁੰਗੜਦੀ ਮਹਿਸੂਸ ਹੋਈ। ਉਸਦੇ ਸਾਹਮਣੇ ਹੀ ਬੱਸ ਦੇ ਮੂਹਰਲੇ ਸ਼ੀਸ਼ੇ ਕੋਲ ਗੁਰੂ ਗੋਬਿੰਦ ਸਿੰਘ ਜੀ ਦੀ ਅੰਮ੍ਰਿਤਪਾਨ ਕਰਵਾਕੇ ਵੱਖ-ਵੱਖ ਸੂਬਿਆਂ 'ਚੋਂ ਆਏ ਪੰਜਾਂ ਪਿਆਰਿਆਂ ਦੀ ਬਰਾਬਰੀ ਦਾ ਸੰਦੇਸ਼ ਦਿੰਦੀ ਫੋਟੋ ਲੱਗੀ ਹੋਈ ਸੀ। ਜਿਸਨੂੰ ਹਾਰ ਪਹਿਨਾਏ ਹੋਏ ਸਨ। ਸ਼ਰਧਾ ਭਾਵਨਾ 'ਚੋਂ ਦਿਖਾਵੇ ਦੇ ਪਾਏ ਹਾਰ ਦਰਅਸਲ ਗੁਰੂ ਜੀ ਦੇ ਦਿੱਤੇ ਸੰਦੇਸ਼ ਦੀ ਹਾਰ ਲੱਗ ਰਹੇ ਸਨ। ਕੋਈ ਇਹ ਕਿਉਂ ਨਹੀਂ ਸੋਚ ਰਿਹਾ ਕਿ ਜੇ ਅਸੀਂ ਉਨ੍ਹਾਂ ਨਾਲ ਬੰਦਿਆਂ ਵਾਂਗ ਸਲੂਕ ਨਹੀਂ ਕਰਾਂਗੇ ਇਹ ਸਾਡੇ ਨਾਲ ਕਿਸੇ ਬਿਪਤਾ ਸਮੇਂ ਆਵਦੇ ਸੂਬੇ ਵਿਚ ਚੰਗਾ ਸਲੂਕ ਕਿਵੇਂ ਕਰਨਗੇ?

ਬੱਸ ਦੇ ਸ਼ੀਸ਼ੇ ਵਿਚੋਂ ਦੀ ਦੇਖਿਆ ਰਾਜਸਥਾਨੀ ਮਜ਼ਦੂਰ ਮਸੋਸੇ ਜੇਹੇ ਮਨ ਨਾਲ ਬੱਸ ਦੀ ਛੱਤ ਤੇ ਆਪਣੇ ਸਮਾਨ ਸਮੇਤ ਚੜ੍ਹ ਰਹੇ ਸਨ। ਵੀਹ ਕੁ ਮਿੰਟਾਂ ਬਾਅਦ ਹੇਠੋਂ ਉਪਰੋਂ ਪੂਰੀ ਤਰ ਭਰੀ ਹੋਈ ਬੱਸ ਕੰਡਕਟਰ ਦੀ ਲੰਬੀ ਵਿਸਲ ਤੇ ਕਾਊਂਟਰ ਤੋਂ ਖਿਸਕੀ। ਸ਼ਹਿਰ ਦੇ ਚੌਕਾਂ ਤੇ ਮੋੜਾਂ ਨੂੰ ਪਾਰ ਕਰਦੀ ਬੱਸ ਸ਼ਹਿਰ ਪਾਰ ਕਰਕੇ ਪੂਰੀ ਰਫ਼ਤਾਰ ਤੇ ਜਾ ਰਹੀ ਸੀ। ਲੁਧਿਆਣਾ ਜੀ.ਟੀ. ਰੋਡ ਤੋਂ ਬਰਨਾਲਾ ਸੰਗਰੂਰ ਸੜਕ ਤੇ ਚੜ੍ਹਨ ਸਾਰ ਜਦੋਂ ਡਰਾਈਵਰ ਨੇ ਰੇਲਵੇ ਫਾਟਕ ਬੰਦ ਦੇਖੇ ਤਾਂ ਉਥੋਂ ਹੀ ਬੱਸ ਬੈਕ ਗੇਅਰ ਪਾ ਕੇ ਫਿਰ ਲੁਧਿਆਣਾ ਜੀ. ਟੀ. ਰੋਡ ਤੇ ਚੜ੍ਹਾ ਲਈ। ਇਕ ਕਿਲੋਮੀਟਰ ਅਗਾਂਹ ਜਾ ਕੇ ਫਾਟਕ ਰਹਿਤ ਲਿੰਕ ਰੋਡ ਤੇ ਪਾ ਕੇ ਰੇਲਵੇ ਲਾਈਨ ਪਾਰ ਕਰ ਲਈ। ਇਕ ਪਿੰਡ ਨੂੰ ਵਗਲਦੀ ਹੋਈ ਤਿੰਨ ਕੁ ਕਿਲੋਮੀਟਰ ਦੀ ਇਹ ਸੜਕ ਬਰਨਾਲਾ ਜੀ.ਟੀ. ਰੋਡ ਤੇ ਜਾ ਚੜ੍ਹਦੀ ਸੀ। ਇਸ ਤੰਗ ਸੜਕ 'ਤੇ ਇੰਜ ਲੱਗਦਾ ਸੀ ਜਿਵੇਂ ਬੱਸ ਖੇਤਾਂ ਵਿਚੋਂ ਦੀ ਜਾ ਰਹੀ ਹੋਵੇ। ਗੂੜ੍ਹੇ ਰੰਗ ਦੇ ਹਰੇ ਕਚਾਰ ਝੋਨੇ ਦੇ ਬੂਟਿਆਂ ਦਾ ਰੰਗ ਬੱਦਲਾਂ ਦੇ ਹਨ੍ਹੇਰੇ ਵਿਚ ਘੁਲ ਰਿਹਾ ਸੀ। ਇਸ ਲਿੰਕ ਰੋਡ ਤੇ ਵੀ ਬੱਸ ਪੂਰੀ ਰਫ਼ਤਾਰ ਤੇ ਸੀ। ਬਰਨਾਲਾ ਜੀ. ਟੀ. ਰੋਡ ਤੇ ਚੜ੍ਹਨ ਸਮੇਂ ਤੇਜ਼ ਰਫ਼ਤਾਰ ਹੋਣ ਕਰਕੇ ਬੱਸ ਜੀ. ਟੀ. ਰੋਡ ਦੇ ਕਿਨਾਰਿਆਂ ਤੇ ਲੱਗੇ ਦਰੱਖਤਾਂ ਦੀਆਂ ਟਾਹਣੀਆਂ ਨਾਲ ਖਹਿ ਕੇ ਲੰਘੀ। ਬੱਸ ਦੀ ਮਗਰਲੀ ਤਾਕੀ ਦੇ ਕੋਲੋਂ ਦੀ ਇਕ ਗੱਠੜੀ ਮੈਂ ਖਤਾਨਾ ਵਿਚ ਡਿੱਗਦੀ ਦੇਖੀ। ਇਸ ਵਿਚ ਬੰਨੇ ਸਿਲਵਰ ਦੇ ਪਤੀਲੇ ਤੇ ਹੋਰ ਭਾਂਡੇ ਅੱਖ ਦੇ ਫੋਰ ਵਿਚ ਖਿਲਰ ਗਏ। ਬੱਸ ਦੀ ਛੱਤ 'ਤੇ ਜਿਵੇਂ ਭੂਚਾਲ ਆ ਗਿਆ ਹੋਵੇ। ਮਜ਼ਦੂਰ ਪਰਿਵਾਰ ਵਿਚ ਕਾਵਾਂ ਰੌਲੀ ਪੈ ਗਈ। ਉਹ ਬੱਸ ਦੀ ਛੱਤ ਤੇ ਹੱਥ ਮਾਰ ਮਾਰ ਕੇ "ਅਰੇ ਰੋਕੋ, ਰੋਕੋ, ਬੱਸ ਰੋਕੋ" ਦਾ ਰੌਲਾ ਪਾ ਰਹੇ ਸਨ। ਕਿਸੇ ਤੇ ਕੋਈ ਅਸਰ ਨਹੀਂ ਸੀ। ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਟਿਕਟਾਂ ਕੱਟਦੇ ਕੋਲ ਲੰਘਦੇ ਕੰਡਕਟਰ ਨੂੰ ਮੈਂ ਬੱਸ ਰੋਕਣ ਲਈ ਕਿਹਾ ਤਾਂ ਕੰਡਕਟਰ ਬੋਲਿਆ, "ਬਾਈ ਰਾਤ ਦੇ ਦਸ ਵਜੇ ਪਟਿਆਲੇ ਪਹੁੰਚਣੈ ਗਿਆਰਾਂ ਵਜੇ ਘਰੇ ਰੋਟੀ ਦਾ ਮੂੰਹ ਦੇਖਣੈ ਜੇ ਇੰਜ ਰਾਹਾਂ 'ਚ ਬੱਸਾਂ ਰੋਕਣ ਲੱਗੇ ਤਾਂ ਪੈ ਗਈਆਂ ਪੂਰੀਆਂ।"

ਮੇਰੀ ਗੱਲ ਨੂੰ ਨਜ਼ਰ ਅੰਦਾਜ਼ ਕਰਕੇ ਉਸਨੇ ਬਾਰੀ ਵਿਚ ਲਮਕਦੀ ਸਵਾਰੀ ਨੂੰ ਪੁੱਛਿਆ, "ਹਾਂ ਬਾਈ ਕਿੱਥੇ ਜਾਣੈ" "ਬਾਈ ਜਿੱਥੇ ਹੱਥ ਛੁੱਟਗੇ।" ਉਸਨੇ ਕਿਹਾ ਤਾਂ ਹਾਸੜ ਪੈ ਗਈ। "ਬਾਈ ਮੈਂ ਟਿਕਟ ਪੁੱਛਿਐ" ਕੰਡਕਟਰ ਨੇ ਕਿਹਾ, "ਯਾਰ ਜਦੋਂ ਹੱਥ ਵਿਹਲੇ ਹੋਏ ਲੈ ਲਵਾਂਗਾ ਉਂਜ ਮੈਂ ਬਰਨਾਲੇ ਜਾਣੈ।" "ਠੀਕ ਐ ਫਿਰ ਯਾਦ ਨਾਲ ਕਟਵਾ ਲਈ" ਮੈਂ ਗੱਲ ਦੀ ਲੜੀ ਜੋੜ ਕੇ ਕੰਡਕਟਰ ਨੇ ਕਿਹਾ, "ਜੇ ਸਮੇਂ ਦਾ ਤੈਨੂੰ ਐਨਾ ਹੀ ਫ਼ਿਕਰ ਸੀ ਤਾਂ ਉਨ੍ਹਾਂ ਨੂੰ ਬੱਸ ਅੰਦਰ ਬਿਠਾਉਂਦਾ। ਚਾਰ ਪੈਸਿਆਂ ਲਈ ਤੁਸੀਂ ਬੱਸ ਮਾਲਕਾਂ ਦੇ ਟੁੱਕੜ ਬੋਚ ਬਣ ਕੇ ਐਨੇ ਬੇਰਹਿਮ ਕਿਉਂ ਹੋ ਜਾਂਦੇ ਹੋ। ਇਹ ਕਿਹੜਾ ਤੇਰੀ ਪੱਕੀ ਨੌਕਰੀ ਐ। ਕੱਲ੍ਹ ਨੂੰ ਜੇ ਛੱਤ ਤੇ ਬੈਠਾ ਬੰਦਾ ਦਰੱਖਤ ਦਾ ਟਾਹਣਾ ਵੱਜ ਕੇ ਥੱਲੇ ਡਿੱਗਕੇ ਮਰ ਜੇ ਤਾਂ ਤੁਸੀਂ ਫੇਰ ਵੀ ਇੰਜ ਹੀ ਕਰੋਗੇ? ਕਾਰ ਜਾਂ ਟੈਕਸੀ 'ਚ ਪੰਜ ਸੱਤ ਤੋਂ ਵੱਧ ਸਵਾਰੀਆਂ ਦੇਖ ਕੇ ਟਰੈਫਿਕ ਪੁਲੀਸ ਵਾਲੇ ਚਲਾਣ ਕਰਨ ਵੇਲੇ ਬਿੰਦ ਨਹੀਂ ਲਾਉਂਦੇ ਤੇ ਤੁਹਾਡੇ ਵਾਰੀ ਉਹ ਕਿੱਥੇ ਚਲੇ ਜਾਂਦੇ ਹਨ। ਕੰਡਕਟਰ ਨੇ ਮੇਰੇ ਵਲੋਂ "ਟੁੱਕੜਬੋਚ" ਸ਼ਬਦ ਬੋਲਣ ਤੇ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਤੱਕਿਆ ਬੱਸ ਉਸੇ ਰਫ਼ਤਾਰ ਨਾਲ ਜਾ ਰਹੀ ਸੀ।

ਮਜ਼ਦੂਰਾਂ ਦੇ ਭਾਂਡਿਆਂ ਵਾਲੀ ਡਿੱਗੀ ਗੱਠੜੀ ਹੁਣ ਪੰਜ-ਸੱਤ ਕਿਲੋਮੀਟਰ ਪਿਛੇ ਰਹਿ ਗਈ ਸੀ। ਹੁਣ ਉਹ ਵੀ ਹਾਰ ਹੰਭ ਕੇ ਬੱਸ ਦੀ ਛੱਤ 'ਤੇ ਹੱਥ ਮਾਰਨੋਂ ਹਟ ਗਏ ਸਨ।

ਇਕ ਲਿੰਕ ਰੋਡ ਤੇ ਅਚਾਨਕ ਬੱਸ ਰੁਕ ਗਈ। ਸੜਕ ਤੇ ਖੜ੍ਹੇ ਸਿਪਾਹੀ ਲਾਲ ਬੱਤੀ ਵਾਲੀਆਂ ਗੱਡੀਆਂ ਅੱਗੇ ਹੂਟਰ ਮਾਰਦੀ ਜਿਪਸੀ ਮਗਰ ਕਾਰਾਂ ਦੇ ਕਾਫ਼ਲੇ ਨੂੰ ਲੰਘਾ ਰਹੇ ਸਨ। ਸੜਕ ਦੇ ਇਕ ਪਾਸੇ ਲੱਗੇ ਸ਼ਮਿਆਨੇ ਵੱਲ ਪੁਲੀਸ ਅਧਿਕਾਰੀ ਦੀਆਂ ਗੱਡੀਆਂ ਕੱਲ੍ਹ ਨੂੰ ਇੱਥੇ ਅਜ਼ਾਦੀ ਦਿਵਸ ਤੇ ਹੋਣ ਵਾਲੇ ਸਮਾਗਮਾਂ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਜਾ ਰਹੀਆਂ ਸੀ। ਕਾਫ਼ਲਾ ਲੰਘਣ ਤੋਂ ਬਾਅਦ ਬੱਸ ਅਜੇ ਵੀ ਰੁਕੀ ਹੋਈ ਸੀ। ਬੱਸ ਦਾ ਸ਼ੀਸ਼ਾ ਖੋਲ੍ਹ ਕੇ ਦੇਖਿਆ ਤਾਂ ਦੂਰੋਂ ਲੰਬਾ ਹਾਰਨ ਮਾਰਦੀ ਮਿੰਨੀ ਬੱਸ ਨਜ਼ਰ ਪਈ।

"ਓਏ ਸੁੱਖਿਆ ਕਿੱਥੇ ਐ ਓਏ? ਡਰਾਈਵਰ ਨੇ ਮੂਹਰਲੀ ਤਾਕੀ 'ਚ ਖੜਕੇ ਕਿਹਾ।"

"ਪਤੰਦਰਾ ਹੁਣ ਵਗਦੀ ਗੰਗਾ ਨੂੰ ਹੱਥ ਧੋ ਲਾ ਜਿੱਥੇ ਪੰਜ ਮਿੰਟ ਖੜ੍ਹਾ ਹਾਂ ਉਥੇ ਇਕ ਮਿੰਟ ਹੋਰ ਲੱਗਜੂ ਆਹ ਸਾਹਮਣੇ ਖੋਖੇ ਵਾਲੇ ਚੰਗੀ ਸ਼ੀਸ਼ੀ ਰੱਖਦੇ ਆ। ਫੜ ਲਿਆ ਫਿਰ ਇਕ ਅੰਗਰੇਜ਼ੀ ਦੀ ਰੋਟੀ ਖਾਣ ਵੇਲੇ ਦੋ ਹਾੜੇ ਲਗਾਕੇ ਪੰਦਰਾਂ ਅਗਸਤ ਮਨਾ ਲਵਾਂਗੇ।" ਡਰਾਈਵਰ ਨੇ ਕਿਹਾ। ਕੰਡਕਟਰ ਨੇ ਅੱਖ ਦੇ ਫੋਰ 'ਚ ਖੇਤਾਂ ਵਿਚ ਬਣੇ ਲੋਹੇ ਦੇ ਖੋਖੇ ਦੀ ਖਿੜਕੀ 'ਚੋਂ ਬੋਤਲ ਫੜ ਥੈਲੇ ਵਿਚ ਪਾ ਲਈ। ਏਨੇ ਨੂੰ ਮਿੰਨੀ ਬੱਸ 'ਚੋਂ 8-10 ਸਵਾਰੀਆਂ ਉਤਰ ਕੇ ਇਸ ਬੱਸ 'ਚ ਚੜ੍ਹਨ ਲੱਗੀਆਂ। ਕੰਡਕਟਰ ਮੂਹਰੀ ਤਾਕੀ 'ਚ ਖੜ੍ਹਾਂ ਸਵਾਰੀਆਂ ਪਿਛਾਂਹ ਸਰਕਣ ਲਈ ਤੇ ਪਿਛਲੀ ਤਾਕੀ ਵਿਚ ਖੜ੍ਹਾਂ ਸਵਾਰੀਆਂ ਨੂੰ ਅਗਾਂਹ ਹੋਣ ਲਈ ਕਹਿ ਰਿਹਾ ਸੀ। ਬੱਸ 'ਚ ਪੈਰ ਮਿਧਦੀਆਂ ਸਵਾਰੀਆਂ 'ਚੋਂ ਇਕ ਕੰਡਕਟਰ ਨੂੰ ਅੱਕ ਕੇ ਬੋਲਿਆ, "ਬਾਈ ਇਕ ਤੰਗਲੀ ਲੈ ਆ ਸਵਾਈਆਂ ਦੀਆਂ ਢੂਹੀਆਂ ਨਾਲ ਲਗਾ ਕੇ ਕੱਠ ਕਰੀ ਚੱਲ ਹੁਣ ਅਗਾਂਹ ਕਿੱਥੇ ਹੋਜੀਏ।"

"ਬਾਈ ਜੇ ਐਨੇ ਔਖੇ ਐਂ ਤਾਂ ਕਾਰ ਤੇ ਆ ਜਿਆ ਕਰੋ। ਮੈਂ ਕਿਹੜਾ ਤੈਨੂੰ ਗੰਢ ਦੇ ਕੇ ਸੱਦਿਐ?" ਕੰਡਕਟਰ ਤਲਖੀ ਨਾਲ ਬੋਲਿਆ। ਹੁਣ ਉਸਨੂੰ ਰਾਤ ਦੇ ਗਿਆਰਾਂ ਵਜੇ ਘਰ ਪਹੁੰਚਣ ਦਾ ਕੋਈ ਫਿਕਰ ਨਹੀਂ ਸੀ।

"ਵੇ ਭਾਈ ਬੱਸ ਕਰ ਹੁਣ ਅੰਦਰ ਤਾਂ ਸਾਹ ਗੁੱਟ ਹੋਇਆ ਪਿਆ ਐ-ਬੱਸ 'ਚ ਬੰਦੇ ਐ ਕੋਈ ਪਸ਼ੂ ਤਾਂ ਨਹੀਂ ਕਿੰਨਾ ਚਿਰ ਹੋ ਗਿਆ ਥੋਨੂੰ ਏਥੇ ਖੜਿਆਂ ਨੂੰ" ਇਕ ਔਰਤ ਜਿਸਨੇ ਤਿੰਨ ਕੁ ਸਾਲ ਦੇ ਬੱਚੇ ਨੂੰ ਢਾਕ ਕੇ ਚੁੱਕਿਆ ਹੋਇਆ ਸੀ ਨੇ ਕਿਹਾ।

"ਬਾਬਾ ਜੀ ਅਜ਼ਾਦੀ ਕਿਹੜੀ ਐ ਤੇਰੇ ਮੇਰੇ ਵਰਗੇ ਤਾਂ ਨਰਕ ਢੋਂਹਦੇ ਆ-ਆਹ ਇਨ੍ਹਾਂ ਬੱਸਾਂ ਵਾਲੇ ਅਮੀਰਾਂ ਨੂੰ ਬੰਦਿਆਂ ਨਾਲ ਪਸ਼ੂਆਂ ਵਰਗਾ ਸਲੂਕ ਕਰਕੇ ਪੈਸਾ ਇਕੱਠਾ ਕਰਨ ਦੀ ਅਜ਼ਾਦੀ ਜ਼ਰੂਰ ਮਿਲ ਗਈ ਐ। ਜਿਹੜੇ ਐਹੋ ਜੇਹੇ ਮੌਸਮ ਵਿਚ ਬੱਸ ਦੇ ਉੱਤੇ ਬਿਠਾਏ ਆ ਉਨ੍ਹਾਂ 'ਚ ਕਿਹੜਾ ਜਾਨ ਨੀਂ ਉਹ ਵੀ ਤਾਂ ਰੱਬ ਦੇ ਬੰਦੇ ਆ। ਪਰ ਬੰਦੇ ਨੂੰ ਬਰਾਬਰੀ ਨਾਲ ਸਫ਼ਰ ਕਰਨ ਦੀ ਵੀ ਅਜ਼ਾਦੀ ਨਹੀਂ ਆਈ ਕੱਲ੍ਹ ਨੂੰ ਸਾਲੇ ਮੇਰੇ ਸੰਘ ਪਾੜ ਪਾੜ ਕੇ ਅਜ਼ਾਦੀ ਮਨਾਉਣਗੇ।" ਇਕ ਹੋਰ ਬੰਦੇ ਨੇ ਬਾਬੇ ਦੀ ਗੱਲ ਦਾ ਹੁੰਗਾਰਾ ਭਰਿਆ।

ਕੰਡਕਟਰ ਅਜੇ ਵੀ ਦੋਹਾਂ ਤਾਕੀਆਂ ਰਾਹੀਂ ਸਵਾਰੀਆਂ ਤੁੰਨਣ ਵਿਚ ਮਸਰੂਫ ਸੀ। ਕਾਲੇ ਬੱਦਲਾਂ ਦਾ ਹਨ੍ਹੇਰਾ ਹੋਰ ਵੀ ਗਾੜ੍ਹਾ ਹੋ ਗਿਆ ਸੀ। ਅਚਾਨਕ ਇਕ ਜ਼ੋਰਦਾਰ ਗੜਕ ਨਾਲ ਬੱਦਲ ਗਰਜ਼ਿਆ। ਇਸ ਗਰਜ਼ ਨਾਲ ਸਭ ਤ੍ਰਭਕ ਗਏ ਤੇ ਮੋਟੀ-ਮੋਟੀ ਕਣੀ ਦਾ ਤੇਜ਼ ਮੀਂਹ ਪੈਣ ਲੱਗਾ। ਸ਼ਾਇਦ ਉਹ ਵੀ ਇਨ੍ਹਾਂ ਬੱਸਾਂ ਲਈ ਸੜਕਾਂ ਤਿਆਰ ਕਰਨ ਵਾਲੇ ਮਜ਼ਦੂਰਾਂ ਨਾਲ ਹੋਣੇ ਅਣਮਨੁੱਖੀ ਸਲੂਕ ਅਤੇ ਵਿਤਕਰੇ ਤੇ ਭੁੱਬਾਂ ਮਾਰ ਕੇ ਰੋ ਗਿਆ ਹੋਵੇ।

Scanned with CamScanner

**ਸਵ. ਸ. ਹਰਨੇਕ ਸਿੰਘ ਰੋਡੇ ਦੀ ਪੁਸਤਕ 'ਮੋਗਾ ਬੋਲਦਾ ਹੈ' ਦਾ ਚੌਵੀਵਾਂ ਕਾਂਢ ਪ੍ਰਕਾਸ਼ਿਤ ਕਰ ਰਹੇ ਹਾਂ। ਇਥੇ ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਪੁਸਤਕ 'ਮੋਗਾ ਬੋਲਦਾ ਹੈ' 2004 ਵਿੱਚ ਪ੍ਰਕਾਸ਼ਿਤ ਹੋਈ ਸੀ। ਇਸ ਲਈ ਇਸ ਪੁਸਤਕ ਵਿੱਚ ਬਿਆਨ ਸਥਾਨ, ਜਗ੍ਹਾ ਤੇ ਇਮਾਰਤਾਂ ਬਾਰੇ 2004 ਅਨੁਸਾਰ ਹੀ ਲਿਖਿਆ ਗਿਆ ਹੈ। ਉਸ ਤੋਂ ਬਾਅਦ ਵਿੱਚ ਮੋਗਾ ਜ਼ਿਲ੍ਹੇ ਦੀਆਂ ਹੋਈਆਂ ਤਬਦੀਲੀਆਂ ਬਾਰੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਜਾਂ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਪੁਸਤਕ ਵਿੱਚ ਪ੍ਰਕਾਸ਼ਿਤ ਲੇਖਕ ਦੇ ਆਪਣੇ ਨਿੱਜੀ ਵਿਚਾਰ ਅਸੀਂ ਇਸ ਪੁਸਤਕ ਨੂੰ ਬਿਨਾਂ ਕਿਸੇ ਕਾਟ-ਛਾਂਟ ਦੇ ਹੂ-ਬ-ਹੂ ਪ੍ਰਕਾਸ਼ਿਤ ਕਰ ਰਹੇ ਹਾਂ। -ਸੰਪਾਦਕ**

**ਮੋਗਾ ਬੋਲਦਾ ਹੈ**
**ਕਾਂਡ ਨੰ. 24**
**ਲੇਖਕ: ਸ. ਹਰਨੇਕ ਸਿੰਘ ਰੋਡੇ**
ਪੇਸ਼ਕਸ਼: ਢਾਡੀ ਸਾਧੂ ਸਿੰਘ ਧੰਮੂ (ਮੋ. 98143-71922)

# ਮੋਗਾ ਗਿੱਲ ਦਾ ਮੁੱਢਲਾ ਇਤਿਹਾਸ

**ਮੋਗੇ ਦਾ ਸੱਭਿਆਚਾਰ ਅਤੇ ਸੰਸਕ੍ਰਿਤਕ ਪ੍ਰਿਸ਼ਟਭੂਮੀ (ਧਰਮ)** - ਭਾਰਤ ਨੂੰ ਸਭ ਤੋਂ ਵੱਧ ਬਹੁ-ਧਰਮ ਪ੍ਰਧਾਨ ਦੇਸ਼ ਸਮਝਿਆ ਜਾਂਦਾ ਹੈ। ਸਿੱਖ, ਹਿੰਦੂ, ਮੁਸਲਮਾਨ, ਇਸਾਈ ਆਦਿ ਇਹ ਸਾਰੇ ਹੀ ਆਪੋ ਆਪਣੇ ਧਰਮਾਂ 'ਤੇ ਫ਼ਖ਼ਰ ਮਹਿਸੂਸ ਕਰਦੇ ਹਨ। ਆਪਣੇ ਧਰਮ ਦੀ ਸੰਗਠਤਾ ਦੇ ਨਾਂ 'ਤੇ ਇਹ ਲੋਕ ਆਪਣੀਆਂ ਜਾਨਾਂ ਵੀ ਲਾ ਦਿੰਦੇ ਹਨ। ਧਰਮ ਦਾ ਸਿਧਾਂਤਵਾਦ ਹਮੇਸ਼ਾ ਹੀ ਕੱਟੜਤਾ ਦੀ ਹਾਮੀ ਭਰਦਾ ਹੈ ਤੇ ਨਾਲ ਹੀ ਨਾਲ ਇਹ ਮਨੁੱਖ ਜਾਤੀ ਦੀ ਡੂੰਘੀ ਮਨੋ-ਅਭਿਲਾਸ਼ਾ ਵੀ ਪੂਰੀ ਕਰਦਾ ਹੈ। ਤਾਂ ਹੀ ਤਾਂ ਇਹ ਮਹਾਨ ਸ਼ਕਤੀ ਹੋ ਨਿਬੜਦਾ ਹੈ।

ਆਰੀਆ ਗ੍ਰੰਥਾਂ ਵਿਚ ਇਹਨਾਂ ਦੇ ਧਾਰਮਿਕ ਪੈਰੋਕਾਰਾਂ ਨੇ ਅੰਕਿਤ ਕੀਤਾ ਹੋਇਆ ਹੈ ਕਿ ਜਦੋਂ ਜਦੋਂ ਵੀ ਲੋਕਾਈ 'ਤੇ ਕੋਈ ਭੀੜ ਆਈ ਤਾਂ ਆਤਮਾਵਾਂ ਨੂੰ ਸੁੱਖ ਅਤੇ ਸ਼ਾਂਤੀ ਧਰਮ ਤੋਂ ਹੀ ਪ੍ਰਾਪਤ ਹੋਈ। ਧਰਮ ਤੋਂ ਸ਼ਾਂਤੀ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇ ਸ਼ੰਕਿਆਂ ਦੀ ਪੰਡ ਨੂੰ ਲਾਂਭੇ ਕਰਕੇ ਇਸਦੀ ਹੋਂਦ ਨੂੰ ਤਨ ਅਤੇ ਮਨ ਨਾਲ ਮੰਨ ਲਵੇ ਤਾਂ। ਧਰਮ ਦਾ ਬਲ ਅਤੇ ਸਕੂਨ ਇਹੋ ਜਿਹਾ ਹੈ ਕਿ ਖੁੱਲ੍ਹੇ ਸਮੁੰਦਰਾਂ ਦੇ ਤੂਫ਼ਾਨਾਂ ਨੂੰ ਭੁੱਲ ਬੰਦਰਗਾਹਾਂ ਵਿਚ ਵਿਸ਼ਵਾਸ ਕਰਕੇ ਬੈਠਣਾ, ਇਹ ਧਰਮ ਦੀ ਨਿਰਸੰਦੇਹ ਹੀ ਕੱਟੜਤਾ ਹੈ। ਜੋ ਇਨਸਾਨ ਨੂੰ ਮੰਜ਼ਿਲ ਦੀ ਪ੍ਰਾਪਤੀ ਵੱਲ ਤੋਰਦੀ ਹੈ।

ਸੰਗਠਤ ਧਰਮ ਦਾ ਅਤੀਤ ਦਿਸ਼ਾਵਾਂ ਨਾਲ ਨੱਕੋ-ਨੱਕ ਭਰਿਆ



ਹੁੰਦਾ ਹੈ। ਇਸਦੀ ਪ੍ਰਾਪਤੀ ਸਾਂਝੀਵਾਲਤਾ ਸਰਬ ਧਰਮਾਂ ਦੀ ਉਪਮਾ ਨਾਲ ਹੀ ਪ੍ਰਾਪਤ ਹੁੰਦੀ ਹੈ। ਜੇ ਇਹ ਤੱਤ ਅਸੀਂ ਆਪਣੇ ਵਿਚ ਭਰ ਲਈਏ ਤਾਂ ਸਾਡੇ ਵਿਚ ਦੈਵੀ ਗੁਣ ਉਤਪੰਨ ਹੋ ਜਾਂਦੇ ਹਨ। ਹਾਂ, ਇਹ ਸੱਚ ਹੈ ਕਿ ਸਾਡੇ ਸਰਬ ਸ੍ਰੇਸ਼ਟ ਧਰਮਾਂ ਵਿਚ ਉਦੋਂ ਵੀ ਸੀ ਅਤੇ ਹੁਣ ਵੀ ਹੈ।

ਇਸਦੀ ਸਰਬ ਸ੍ਰੇਸ਼ਟ ਸੱਚਾਈ ਸਾਡੇ ਸਾਹਮਣੇ ਉਦੋਂ ਆਉਂਦੀ ਹੈ ਜਦੋਂ ਅਸੀਂ ਪੱਛਮ ਦੇ ਧਰਮਾਂ ਦੇ ਗ੍ਰੰਥਾਂ ਨੂੰ ਵਾਚਦੇ ਹਾਂ ਅਤੇ ਪੂਰਬ ਦੇ ਧਰਮਾਂ ਵਿਚ ਉਹਨਾਂ ਦੀਆਂ ਆਰਤੀਆਂ, ਅਰਦਾਸਾਂ, ਜੋਦੜੀਆਂ ਵਿਚ ਉਹਨਾਂ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਮਾਲਾ ਦੇ ਮਣਕਿਆਂ ਵਾਂਗ ਪ੍ਰੋਈਆਂ ਸਾਡੀ ਨਜ਼ਰ ਗੋਚਰੇ ਆਉਂਦੀਆਂ ਹਨ।

ਧਰਮ ਦੀ ਵਿਵੇਕੀ ਵਿਚਾਰਧਾਰਾ ਜੇ ਨਜ਼ਾਮ 'ਤੇ ਪ੍ਰਤਿਗਿਆ ਰੂਪ ਧਾਰ ਕੇ ਲਾਗੂ ਹੋ ਜਾਵੇ ਤਾਂ ਸਮਾਜਿਕ ਢਾਂਚੇ ਵਿਚ ਐਨਾ ਬਦਲਾਅ ਆ ਜਾਂਦਾ ਹੈ ਕਿ ਲਾਲ ਕਿਲ੍ਹੇ ਦੀ 'ਮਹਿਮਾਨੇ ਖ਼ਾਸ' 'ਤੇ ਅਰਬੀ ਭਾਸ਼ਾ ਵਿਚ ਪੰਗਤੀਆਂ ਅੰਕਿਤ ਹਨ ਬੱਸ ਸੁਰਗ ਹੈ ਤਾਂ ਇਥੇ ਹੀ ਹੈ, ਇਥੇ ਹੀ ਹੈ। ਇਹ ਧਰਮ ਦੀ ਪਰਿਭਾਸ਼ਾ ਜਿਸ ਨਾਲ ਧਾਰਮਿਕ ਔਲੀਏ ਹੀ ਨਹੀਂ ਸਹਿਮਤ ਹੋਣਗੇ ਸਗੋਂ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਵੀ ਇਕ ਡਿਊਟੀ ਰੂਪ ਵਿਚ ਇਸ ਲਈ ਆਪਣਾ ਆਪ ਅਰਪਣ ਕਰ ਦੇਣਗੇ।

ਸੱਚ ਪ੍ਰਤੀ ਸ਼ਰਧਾ ਇਨਸਾਨ ਨੂੰ ਧਰਮ ਨਾਲ ਜੋੜਦੀ ਹੈ ਤੇ ਉਹ ਬੇਝਿਜਕ ਹੋ ਕੇ ਬੁੱਧੀ ਦੇ ਘਮੰਡ ਨੂੰ ਤਿਆਗ ਕੇ, ਨੀਵਾਂ ਹੋ ਕੇ, ਨਿਮਰਤਾ ਵਾਲੀ ਸੱਚ ਪ੍ਰੀਤੀ ਨੂੰ ਧਾਰਨ ਕਰ ਲੈਂਦਾ ਹੈ। ਕੋਈ ਧਾਰਮਿਕ ਗ੍ਰੰਥ ਉਸ ਧਰਮ ਦੇ ਅਨਿਆਈਆਂ ਲਈ ਚੇਤਨ ਸਰੂਪ ਦੇ ਨਿਆਈਂ ਹੁੰਦਾ ਹੈ।

ਵੈਦਿਕ ਯੁੱਗ ਵਿਚ ਆਰੀਆਂ ਦਾ ਧਾਰਮਿਕ ਗ੍ਰੰਥ ਰਿਗਵੇਦ ਸੀ। ਪ੍ਰੋਹਿਤ ਹਿੰਦੂ ਧਰਮ ਦਾ ਆਗੂ ਵੀ ਸੀ ਅਤੇ ਸਿਪਾਹ-ਸਲਾਰ ਵੀ ਸੀ।

(ਚਲਦਾ)

# ਨੌਦੀਪ ਕੌਰ ਜੇਲ੍ਹ ਵਿਚ ਕਿਉਂ ਬੰਦ ਸੀ?




ਉਦਯੋਗਾਂ ਵੱਲੋਂ ਪਰਵਾਸੀ ਮਜ਼ਦੂਰਾਂ ਦਾ ਬਕਾਇਆ ਮਿਹਨਤਾਨਾ ਨਾ ਦਿੱਤੇ ਜਾਣ ਵਿਰੁੱਧ ਆਵਾਜ਼ ਚੁੱਕਣ ਵਾਲੀ 24 ਸਾਲਾ ਨੌਦੀਪ ਕੌਰ 11 ਦਿਨਾਂ ਲਈ ਜੇਲ੍ਹ ਵਿਚ ਬੰਦ ਸੀ। ਹਰਿਆਣਾ ਪੁਲਿਸ ਵੱਲੋਂ 12 ਜਨਵਰੀ ਨੂੰ ਉਨ੍ਹਾਂ ਖਿਲਾਫ਼ ਆਈ.ਸੀ.ਸੀ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਐਫ.ਆਈ.ਆਰ. ਮੁਤਾਬਿਕ ਨੌਦੀਪ ਕੌਰ ਜੋ ਅਸਲ 'ਚ ਪੰਜਾਬ ਦੇ ਹਨ, ਪਰ ਕੇ.ਆਈ.ਏ. ਵਿਚ ਕੰਮ ਕਰਦੇ ਹਨ। ਨੌਦੀਪ ਕੌਰ 'ਤੇ ਇਹ ਇਲਜ਼ਾਮ ਲੱਗੇ ਕਿ ਉਹ ਕਥਿਤ ਤੌਰ ਤੇ ਜ਼ਬਰਨ ਪੈਸੇ ਉਗਰਾਹ ਰਹੇ ਸਨ ਅਤੇ ਜਦੋਂ ਪੁਲਿਸ ਅਧਿਕਾਰੀਆਂ ਦੀ ਟੀਮ ਉਨ੍ਹਾਂ ਦੀ ਇਸ ਕੋਸ਼ਿਸ਼ ਨੂੰ ਨਾਕਾਮ ਕਰਨ ਪਹੁੰਚੀ ਤਾਂ ਪੁਲਿਸ ਕਰਮੀਆਂ ਤੇ ਡੰਡਿਆਂ ਨਾਲ ਹਮਲਾ ਕੀਤਾ ਗਿਆ। ਨੌਦੀਪ ਕੌਰ ਦੇ ਪਰਿਵਾਰ ਵੱਲੋਂ ਇਨ੍ਹਾਂ ਇਲਜਾਮਾਂ ਨੂੰ ਖਾਰਿਜ ਕੀਤਾ ਗਿਆ।

ਨੌਦੀਪ ਕੌਰ ਦੀ ਅਗਵਾਈ ਅਧੀਨ ਹੋਏ ਕਥਿਤ ਹਮਲੇ ਵਿਚ ਕੁੰਡਲੀ ਦੇ ਥਾਣਾ ਮੁਖੀ ਕਵੀ ਕੁਮਾਰ ਸਮੇਤ ਕਈ ਪੁਲਿਸ ਅਧਿਕਾਰੀ ਜ਼ਖ਼ਮੀ ਹੋ ਗਏ। ਨੌਦੀਪ ਨੂੰ ਹਰਿਆਣਾ ਪੁਲਿਸ ਵੱਲੋਂ 12 ਜਨਵਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ 14 ਦਿਨਾਂ ਲਈ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ। ਸਥਾਨਕ ਅਦਾਲਤ ਵਿਚ ਅਗਲੀ ਸੁਣਵਾਈ 25 ਜਨਵਰੀ ਨੂੰ ਹੋਈ।

**ਭੈਣ ਦਾ ਦਾਅਵਾ-ਨੌਦੀਪ 'ਤੇ ਪੁਲਿਸ ਵੱਲੋਂ ਹੋਇਆ ਹਮਲਾ** - ਨੌਦੀਪ ਦੀ ਵੱਡੀ ਭੈਣ ਰਾਜਵਿੰਦਰ ਕੌਰ, ਜੋ ਦਿੱਲੀ ਯੂਨੀਵਰਸਿਟੀ ਵਿਚ ਪੀ.ਐਚ.ਡੀ. ਸਕੌਲਰ ਹਨ, ਨੇ ਦਾਅਵਾ ਕੀਤਾ ਉਨ੍ਹਾਂ ਦੀ ਭੈਣ ਕੇ.ਆਈ.ਏ. ਅੰਦਰ ਪੈਂਦੇ ਇਕ ਉਦਯੋਗ ਵਿਚ ਕੰਮ ਕਰਦੀ ਸੀ ਤੇ ਪਰਵਾਸੀ ਮਜ਼ਦੂਰਾਂ ਦੀ ਆਵਾਜ਼ ਚੁੱਕਦੀ ਸੀ। ਉਨ੍ਹਾਂ ਨੇ ਕਿਹਾ ਕਿ ਤਾਲਾਬੰਦੀ ਦੌਰਾਨ ਨੌਕਰੀਆਂ ਗਵਾਉਣ ਤੋਂ ਬਾਅਦ ਪਰਵਾਸੀ ਮਜ਼ਦੂਰ ਗੰਭੀਰ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਸਨ ਅਤੇ ਉਦਯੋਗਾਂ ਦੇ ਮਾਲਕ ਉਨ੍ਹਾਂ ਦੀ ਬਕਾਇਆ ਮਜ਼ਦੂਰੀ ਦੇਣ ਤੋਂ ਇਨਕਾਰ ਕਰ ਰਹੇ ਸਨ। ਨੌਦੀਪ ਮਜ਼ਦੂਰ ਅਧਿਕਾਰ ਸੰਘਰਸ਼ (ਐਮ.ਏ.ਐਸ.) ਦੇ ਮੈਂਬਰ ਹਨ ਅਤੇ ਮਜ਼ਦੂਰਾਂ ਦਾ ਬਕਾਇਆ ਮਿਹਨਤਾਨਾ ਦੇਣ ਤੋਂ ਇਨਕਾਰ ਕਰਨ ਵਾਲੇ ਉਦਯੋਗਾਂ ਦੇ ਗੇਟਾਂ ਮੂਹਰੇ ਧਰਨੇ ਲਗਾਉਣ ਵਿਚ ਕਾਫੀ ਸਰਗਰਮ ਸਨ।

ਰਾਜਵੀਰ ਨੇ ਕਿਹਾ ਕਿ ਕੇ.ਆਈ.ਏ. ਦੇ ਨੇੜੇ ਸਿੰਘੂ ਬਾਰਡਰ ਤੇ ਕਿਸਾਨ ਸੰਗਠਨਾਂ ਵੱਲੋਂ ਧਰਨਾ ਲਾਉਣ ਤੋਂ ਬਾਅਦ ਉਥੇ ਕੰਮ ਕਰਨ ਵਾਲੇ ਮਜ਼ਦੂਰਾਂ ਨੇ ਮਜ਼ਦੂਰ ਕਿਸਾਨ ਏਕਤਾ ਨੂੰ ਹੋਰ ਮਜ਼ਬੂਤ ਕਰਨ ਲਈ ਉਨ੍ਹਾਂ ਦਾ ਸਮਰਥਨ ਕੀਤਾ। ਉਹਨਾਂ ਕਿਹਾ ਕਿ ਮੇਰੀ ਭੈਣ ਨੂੰ ਕਿਸਾਨ ਸਮਰਥਨ ਕਰਨ ਬਦਲੇ ਆਪਣੀ ਨੌਕਰੀ ਗਵਾਉਣੀ ਪਈ। ਪੁਲਿਸ ਵੱਲੋਂ ਜ਼ਬਰਨ ਪੈਸੇ ਵਸੂਲੀ ਸੰਬੰਧੀ ਲਾਈਆਂ ਗਈਆਂ ਧਰਾਵਾਂ ਬਾਰੇ ਰਾਜਵਿੰਦਰ ਕੌਰ ਕਹਿੰਦੇ ਹਨ ਕੇ.ਆਈ.ਏ. ਨੇ ਇਕ ਕੁਇੱਕ ਰਿਸਪੌਂਸ ਟੀਮ (ਕਿਊ.ਆਰ.ਟੀ.) ਬਣਾਈ ਹੈ ਜੋ ਮਜ਼ਦੂਰਾਂ ਦੁਆਰਾ ਲੰਬਿਤ ਮਜ਼ਦੂਰੀ ਦੇ ਮਾਮਲੇ ਵਿਚ ਕਿਸੇ ਵੀ ਧਰਨੇ ਦਾ ਆਯੋਜਨ ਕਰਨ ਦੀ ਕੋਸ਼ਿਸ਼ ਨੂੰ ਰੋਕਣ ਦਾ ਕੰਮ ਕਰਦੀ ਹੈ।

28 ਦਸੰਬਰ ਨੂੰ ਜਦੋਂ ਐਮ.ਏ.ਐਸ. ਦੁਆਰਾ ਬਕਾਇਆ ਮਜ਼ਦੂਰੀ ਨੂੰ ਲੈ ਕੇ ਧਰਨਾ ਦਿੱਤਾ ਜਾ ਰਿਹਾ ਸੀ ਕਿਉਂ ਆਰ.ਟੀ. ਨੇ ਤਨਖਾਹ ਦੀ ਮੰਗ ਕਰਦੇ ਮੁਜ਼ਾਹਰਾਕਾਰੀਆਂ ਦੇ ਦਬਾਅ ਨੂੰ ਭੰਗ ਕਰਨ ਲਈ ਉਨ੍ਹਾਂ ਤੇ ਹਮਲਾ ਕਰ ਦਿੱਤਾ। ਇਸ ਸਬੰਧੀ ਸ਼ਿਕਾਇਤ ਸੋਨੀਪਤ ਦੇ ਐਸ.ਪੀ. ਨੂੰ ਭੇਜੀ ਗਈ ਸੀ ਤਾਂਕਿ ਕਿਉ.ਆਰ.ਟੀ. ਦੇ ਮੈਂਬਰਾਂ ਵਿਰੁੱਧ ਕਾਰਵਾਈ ਕੀਤੀ ਜਾ ਸਕੇ ਪਰ ਇਸ ਤੇ ਕੋਈ ਜਵਾਬ ਨਹੀਂ ਦਿੱਤਾ ਗਿਆ। ਵੱਡੀ ਭੈਣ ਰਾਜਦੀਪ ਕੌਰ ਨੇ ਇਕ ਪ੍ਰੈਸ ਕਾਨਫਰੰਸ ਕਰਕੇ ਦੱਸਿਆ ਕਿ 12 ਜਨਵਰੀ ਨੂੰ ਕੀ ਹੋਇਆ? ਰਾਜਵੀਰ ਕੌਰ ਕਹਿੰਦੇ ਹਨ 12 ਜਨਵਰੀ ਨੂੰ ਜਦੋਂ ਨੌਦੀਪ ਐਮ.ਏ.ਐਸ. ਦੇ ਹੋਰ ਮੈਂਬਰਾਂ ਨਾਲ ਮਿਲਕੇ ਕੇ.ਆਈ.ਏ. ਦੇ ਅੰਦਰ ਇਕ ਉਦਯੋਗ ਦੇ ਬਾਹਰ ਧਰਨਾ ਦੇ ਰਹੇ ਸਨ, ਪੁਲਿਸ ਅਧਿਕਾਰੀ ਪਹੁੰਚੇ ਅਤੇ ਉਨ੍ਹਾਂ ਦੀ ਭੈਣ ਨੂੰ ਧਰਨੇ ਵਾਲੀ ਜਗ੍ਹਾ ਤੋਂ ਗ੍ਰਿਫ਼ਤਾਰ ਕਰਕੇ ਲੈ ਗਏ। ਉਨ੍ਹਾਂ ਅੱਗੇ ਕਿਹਾ, "ਕਿ ਪੁਲਿਸ ਅਧਿਕਾਰੀਆਂ ਨੇ ਜਾਣ ਬੁੱਝ ਕੇ ਨੌਦੀਪ ਨੂੰ ਗ੍ਰਿਫ਼ਤਾਰ ਕੀਤਾ ਕਿਉਂਕਿ ਉਹ ਮਹੀਨਿਆਂ ਤੋਂ ਲੰਬਿਤ ਮਜ਼ਦੂਰਾਂ ਦਾ ਮਿਹਨਤਾਨਾ ਅਦਾ ਨਾ ਕਰਨ ਵਾਲੇ ਉਦਯੋਗਾਂ ਦੇ ਮਾਲਕਾਂ ਖਿਲਾਫ਼ ਰੋਸ ਪ੍ਰਦਰਸ਼ਨ ਕਰਨ ਵਿਚ ਅਹਿਮ ਭੂਮਿਕਾ ਨਿਭਾ ਰਹੀ ਸੀ। ਉਨ੍ਹਾਂ ਨੇ ਇਲਜ਼ਾਮ ਲਗਾਇਆ ਕਿ ਉਨ੍ਹਾਂ ਨੂੰ ਸਿਰਫ਼ ਪੁਰਸ਼ ਪੁਲਿਸ ਮੁਲਾਜ਼ਮਾਂ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਹਿਰਾਸਤ ਵਿਚ ਲੈ ਜਾਣ ਤੋਂ ਬਾਅਦ ਵੀ ਪੁਰਸ਼ ਪੁਲਿਸ ਵਾਲਿਆਂ ਦੁਆਰਾ ਉਨ੍ਹਾਂ ਤੇ ਹਮਲਾ ਕੀਤਾ ਗਿਆ ਅਤੇ ਅੰਦਰੂਨੀ ਹਿੱਸਿਆਂ ਤੇ ਬੇਰਹਿਮੀ ਨਾਲ ਠੁੱਡੇ ਮਾਰੇ ਗਏ। ਨੌਦੀਪ ਕੌਰ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿਚ ਭੇਜਿਆ ਗਿਆ।

**ਨੌਦੀਪ ਕੌਰ ਦੇ ਸਾਰੇ ਮਾਮਲੇ ਬਾਰੇ ਪੁਲਿਸ ਦਾ ਪੱਖ** - ਸੋਨੀਪਤ ਦੇ ਉੱਪ ਪੁਲਿਸ ਕਪਤਾਨ ਰਾਓ ਵੀਰੇਂਦਰ ਨੇ ਬੀ.ਬੀ.ਸੀ. ਨੂੰ ਦੱਸਿਆ ਕਿ ਜਦੋਂ ਪੁਲਿਸ ਦੀ ਟੀਮ ਫੈਕਟਰੀ ਦੇ ਬਾਹਰ ਪਹੁੰਚੀ ਤਾਂ ਮੁਲਜ਼ਮ ਲੜਕੀ ਨੇ 50 ਹੋਰ ਵਿਅਕਤੀਆਂ ਨਾਲ ਮਿਲਕੇ ਕੁੰਡਲੀ ਦੇ ਐਸ.ਐਚ.ਓ. ਇੰਸਪੈਕਟਰ ਰਵੀ ਕੁਮਾਰ ਸਮੇਤ ਪੁਲਿਸ ਮੁਲਾਜ਼ਮਾਂ ਤੇ ਹਮਲਾ ਕਰ ਦਿੱਤਾ ਸੀ।

ਡੀ.ਐਸ.ਪੀ. ਵੀਰੇਂਦਰ ਦਾ ਕਹਿਣਾ ਸੀ ਕਿ ਉਸ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਮਹਿਲਾ ਪੁਲਿਸ ਸਟੇਸ਼ਨ ਲਿਜਾਇਆ ਗਿਆ ਅਤੇ ਉਸੇ ਸ਼ਾਮ ਜੱਜ ਸਾਹਮਣੇ ਪੇਸ਼ ਕੀਤਾ ਗਿਆ। ਪੁਲਿਸ ਨੇ ਅੱਗੇ ਕਿਹਾ ਉਸ ਤੇ ਤਸ਼ੱਦਦ ਢਾਹੇ ਗਏ ਹੁੰਦੇ ਤਾਂ ਉਹ ਜੱਜ ਦੇ ਮੂਹਰੇ ਪੁਲਿਸ ਦੀ ਬੇਰਹਿਮੀ ਦੀ ਸ਼ਿਕਾਇਤ ਕਰ ਸਕਦੀ ਸੀ। ਸਾਰੇ ਇਲਜ਼ਾਮ ਝੂਠੇ ਹਨ। ਮਜ਼ਦੂਰ ਅਧਿਕਾਰ ਸੰਗਠਨ ਦੇ ਕਾਰਕੁੰਨ ਰਜੀਤ ਨੇ ਦੱਸਿਆ ਕਿ ਜਿਸ ਦਿਨ ਨੌਦੀਪ ਕੌਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਉਹ ਸ਼ਾਂਤਮਈ ਢੰਗ ਨਾਲ ਧਰਨਾ ਦੇ ਰਹੇ ਸਨ ਪਰ ਪੁਲਿਸ ਦੀ ਟੀਮ ਆਈ ਅਤੇ ਉਨ੍ਹਾਂ (ਮੁਜਾਹਰਾਕਾਰੀਆਂ) ਨੂੰ ਬੇਰਹਿਮੀ ਨਾਲ ਕੁਟਿਆ। ਉਨ੍ਹਾਂ ਅੱਗੇ ਦੱਸਿਆ ਪੁਲਿਸ ਕਰਮੀ ਆਏ ਅਤੇ ਬਕਾਇਆ ਮਜ਼ਦੂਰੀ ਲਈ ਅੰਦੋਲਨ ਕਰ ਰਹੇ ਮਜ਼ਦੂਰਾਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਪੁਲਿਸ ਨੇ ਕਿਊ.ਆਰ.ਟੀ. ਦੇ ਮੈਂਬਰਾਂ ਦੀ ਮੱਦਦ ਨਾਲ ਮੁਜ਼ਾਹਰਾਕਾਰੀਆਂ ਦਾ ਪਿੱਛਾ ਕੀਤਾ ਅਤੇ ਨੌਦੀਪ ਕੌਰ ਨੂੰ ਕਾਬੂ ਕਰ ਲਿਆ। ਰਜੀਤ ਵੀ ਨੌਦੀਪ ਕੌਰ ਨਾਲ ਕੰਮ ਕਰਦੇ ਸਨ ਉਨ੍ਹਾਂ ਨੇ ਦੱਸਿਆ ਕਿ ਨੌਦੀਪ ਕੌਰ ਉਦਯੋਗਾਂ ਦੇ ਮਾਲਕਾਂ ਵੱਲੋਂ ਮਜ਼ਦੂਰੀ ਅਦਾ ਨਾ ਕਰਨ ਸਬੰਧੀ 600 ਸ਼ਿਕਾਇਤਾਂ ਮਿਲਣ ਤੋਂ ਬਾਅਦ ਪਰਵਾਸੀ ਮਜ਼ਦੂਰਾਂ ਦੇ ਧਰਨਿਆਂ ਨੂੰ ਸਰਗਰਮੀ ਨਾਲ ਜਾਰੀ ਰੱਖ ਰਹੇ ਸਨ। ਉਨ੍ਹਾਂ ਕਿਹਾ ਕਿ ਇਥੋਂ ਤੱਕ ਕਿ ਨੌਦੀਪ ਕੌਰ ਨੂੰ ਮਜ਼ਦੂਰਾਂ ਦੀ ਆਵਾਜ਼ ਚੁੱਕਣ ਬਦਲੇ ਧਮਕੀਆਂ ਵੀ ਮਿਲ ਰਹੀਆਂ ਸਨ ਪਰ ਉਹ ਇਨਸਾਫ਼ ਲਈ ਡਟੇ ਹੋਏ ਅਤੇ ਇਸ ਦਾ ਮੁੱਲ ਭੁਗਤਿਆ।

ਦੋਸਤੋ ਸਾਡੇ ਹਿੰਦੋਸਤਾਨ ਵਿਚ ਹਮੇਸ਼ਾ ਮਜ਼ਦੂਰ ਵਰਗ ਨਾਲ ਧੱਕਾ ਹੁੰਦਾ ਆਇਆ ਹੈ। ਪੁਲਿਸ ਸਰਮਾਏਦਾਰਾਂ ਦੀ ਕਠਪੁੱਤਲੀ ਬਣਕੇ ਨਿਰਦੋਸ਼ ਮਜ਼ਦੂਰਾਂ ਦੇ ਖਿਲਾਫ਼ ਕੰਮ ਕਰਦੀ ਰਹੀ ਹੈ। ਗਰੀਬਾਂ ਨਾਲ ਧਨਾਢ ਪੂੰਜੀਪਤੀ ਹਮੇਸ਼ਾ ਧੱਕਾ ਕਰਦੇ ਰਹੇ ਹਨ। ਸਮੇਂ ਦੀਆਂ ਹਾਕਮ ਸਰਕਾਰਾਂ ਨੇ ਮਜ਼ਦੂਰ ਵਰਗ ਦਾ ਸਾਥ ਦੇਣ ਦੀ ਬਜਾਏ ਇਨ੍ਹਾਂ ਪੂੰਜੀਪਤੀਆਂ ਦਾ ਹੀ ਸਾਥ ਦਿੱਤਾ ਤੇ ਮਜ਼ਦੂਰ ਨੂੰ ਕਦੀ ਉੱਪਰ ਨਹੀਂ ਉਠਣ ਦਿੱਤਾ। ਕਾਨੂੰਨ ਵੀ ਮਜ਼ਦੂਰਾਂ ਦੇ ਖਿਲਾਫ਼ ਹੀ ਬਣਾ ਕੇ ਪੂੰਜੀਪਤੀਆਂ ਨੂੰ ਫ਼ਾਇਦਾ ਦੇ ਕੇ ਵੋਟਾਂ 'ਚ ਉਹਨਾਂ ਤੋਂ ਵੱਡੀਆਂ ਰਕਮਾਂ ਵਸੂਲੀਆਂ ਜਾਂਦੀਆਂ ਹਨ। ਇਸ ਲਈ ਅੱਜ ਸਮੇਂ ਦੀ ਵੀ ਮੰਗ ਹੈ ਕਿ ਮਿਲਕੇ ਇਨ੍ਹਾਂ ਖਿਲਾਫ਼ ਇਕੱਠੇ ਇਕ ਮੰਚ ਤੋਂ ਆਪਣੇ ਹੱਕਾਂ ਲਈ ਲੜੀਏ।

ਗੁਰਜੀਤ ਸਿੰਘ ਖ਼ਾਲਸਾ

ਧੰਨਵਾਦ ਸਹਿਤ : ਅਮਰਜੋਤੀ

Scanned with CamScanner




## 'ਮਹਿਕ ਵਤਨ ਦੀ ਲਾਈਵ' ਬਿਓਰੋ

'ਮਹਿਕ ਵਤਨ ਦੀ ਲਾਈਵ' ਮਾਸਿਕ ਮੈਗਜੀਨ
'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ
ਰੋਜਾਨਾ ਆਨਲਾਈਨ ਅਖਬਾਰ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ




International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' ● ਲਾਈਵ

**Web TV * Monthly Magazine * Daily Online Newspaper**

ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਦਰਸ਼ਕਾਂ ਨਾਲ ਸਾਂਝਾ ਕਰੋ!

## 'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...

ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਓ !

**...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖਬਰਾਂ ਅੰਤਰ-ਰਾਸ਼ਟਰੀ ਮੈਗਜੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜਾਨਾ ਆਨਲਾਈਨ ਅਖਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਝੀਆਂ ਕਰੋ।**

'ਮਹਿਕ ਵਤਨ ਦੀ ਲਾਈਵ' ਆਨਲਾਈਨ ਅਖਬਾਰ, ਵੈਬ ਟੀ.ਵੀ. ਅਤੇ ਮਾਸਿਕ ਮੈਗਜੀਨ ਵਿੱਚ ਬਹੁਤ ਥੋੜੇ ਖਰਚ ਤੇ ਆਪਣੇ ਇਸ਼ਤਿਹਾਰ ਦੇ ਕੇ ਜਿਆਦਾ ਲਾਭ ਪ੍ਰਾਪਤ ਕਰੋ ਜੀ।



Chief Editor:
Bhawandeep Singh Purba

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ● ਲਾਈਵ
Web TV

ਇਸ਼ਤਿਹਾਰ ਦਾ ਫੁੱਲ ਪੈਕੇਜ ਲੈਣ ਲਈ ਵੀ ਸੰਪਰਕ ਕਰੋ!

ਪੱਤਰਕਾਰ ਬਨਣ ਲਈ ਅਤੇ ਹਰ ਪ੍ਰਕਾਰ ਦੀ ਜਾਣਕਾਰੀ ਲਈ ਸੰਪਰਕ ਕਰੋ:

**Help Line: 9988 92 9988**

**www.mehakwatandilive.com**

Scanned with CamScanner



# ਗੁਰਦੁਆਰਾ ਗੁਰੂ ਨਾਨਕ ਦਰਬਾਰ

## ਨਾਨਕਸਰ ਠਾਠ ਮੰਡੀਰਾਂ ਨਵਾਂ (ਜ਼ਿਲ੍ਹਾ ਮੋਗਾ)

**ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਕਲੇਰਾਂ ਵਾਲਿਆਂ ਦੀ**

# ਸਲਾਨਾ ਬਰਸੀ ਦੇ ਸਬੰਧ ਵਿਚ


**ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਦੀ ਸਰਪ੍ਰਸਤੀ ਵਿਚ**

28 ਅਗਸਤ ਤੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਦੀ ਕੋਤਰੀ ਦੀ ਸਮਾਪਤੀ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ

**21 ਸਤੰਬਰ 2021 ਦਿਨ ਮੰਗਲਵਾਰ (6 ਅੱਸੂ) ਨੂੰ ਪੈਣਗੇ।**

ਨੋਟ : ਭੋਗ ਉਪਰੰਤ ਸ਼ਾਮ 4 ਵਜੇ ਤੱਕ ਕੀਰਤਨ ਦਰਬਾਰ ਸਜੇਗਾ।

**20 ਸਤੰਬਰ 2021 ਦਿਨ ਸੋਮਵਾਰ (5 ਅੱਸੂ) ਦੀ ਰਾਤ ਨੂੰ ਰੈਣ ਸਬਾਈ ਹੋਵੇਗੀ।**



ਵਿਸ਼ੇਸ਼ ਸਹਿਯੋਗ

## ਸੰਤ ਬਾਬਾ ਘਾਲਾ ਸਿੰਘ ਜੀ

ਨਾਨਕਸਰ ਕਲੇਰਾਂ ਵਾਲੇ

ਸਮੂੰਹ ਸਾਧ ਸੰਗਤ ਨੂੰ ਪਹੁੰਚਣ ਦਾ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ ਜੀ।

ਇਸ ਪ੍ਰੋਗਰਾਮ ਦਾ "Mehak Watan Di Live" ਵੈਬ ਟੀ.ਵੀ. ਤੇ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ।

International ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ Web TV
'Mehak Watan Di Live' ਲਾਈਵ

ਇਹ ਅਸਥਾਨ ਬਾਘਾ ਪੁਰਾਣਾ ਤੋਂ ਮੋਗਾ ਰੋਡ ਤੇ ਪਿੰਡ ਗਿੱਲ ਨਹਿਰ ਵਾਲੇ ਤੋਂ ਚੜ੍ਹਦੇ ਪਾਸੇ ਇਕ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਬਾਘਾ ਪੁਰਾਣਾ ਤੋਂ ਟੈਂਪੂ ਅਤੇ ਬੱਸਾਂ ਆਮ ਮਿਲਦੀਆਂ ਹਨ।



ਇਸ ਪਵਿੱਤਰ ਅਸਥਾਨ ਤੇ ਪੂਰਨਮਾਸ਼ੀ ਅਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।

ਮੁਖ ਸੇਵਾਦਾਰ **ਸ੍ਰੀ ਮਾਨ ਸੰਤ ਬਾਬਾ ਬਲਦੇਵ ਸਿੰਘ ਜੀ**

ਮੁੱਖ ਪ੍ਰਬੰਧਕ : ਭਾਈ ਹਰਪ੍ਰੀਤ ਸਿੰਘ, ਮੋ. 99149-01113

Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016

Scanned with CamScanner